Digitized by Arya Samaj Foundation Chennai and eGangotri

بھما پربودھ
گرمکھی
پنڈت منشی رام

وچار پرکاش
گرمکھی
پنجاب ریلیجس بک سوسائٹی

९६५
९२

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

❀ ओ३म् ❀ २६५/१२

पुस्तक संख्या

पंजिका-संख्या २२६२८

पुस्तक पर सर्व प्रकार की निशानियां लगाना वर्जित है। कोई महाशय १५ दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

राय बहादुर श्री लालचन्द भाटिया
रिटायर्ड असिस्टेण्ट गैरिज़न एञ्जिनियर से
गुरुकुल विश्वविद्यालय कांगड़ी पुस्तकालय को
सप्रेम भेंट

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तक सं०....१५५/९३
आगत सं०....२२६
तिथि०....६.२.
गुरुकुल ग्रन्थालय

CHECKED 1973
Initial

स्टाक प्रमाणीकरण १९

GHULAM SARWAR
CETR
Date 5 AUG. 1939
ABBOTTABAD
BOOK BINDER & STATIONER.

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਮਪ੍ਰਮਾਤਮਨੇਨਮਃ

ਆ ! ਕਲਮ ਮੇਰੀ ਲਿਖਾਂ ਇੱਕ ਵੇਰੀ ਝੁਥਾੜ ਨਿੰ-ਦਕਾਂ ਦੇ ਤੋੜਦੇ। ਕੌਮ ਬ੍ਰਾਹਿਮਣ ਦੀ ਜੋ ਕਰ ਰਹੇ ਤਿ-ਸਦੇ ਕਰਨ ਥੀਂ ਮੁਖ ਮੋੜਦੇ ॥ ੧ ॥

ਸੱਜਨ ਜਨੋਂ ! ਥੋੜੇ ਜੇਹੇ ਦਿਨਾਂ ਤੋਂ ਵਿੱਤ ਸਿੰਘੀ ਨਵੀਨ ਰੋਸ਼ਨੀ ਵਿੱਚ ਆਏ ਹੋਏ ਨਵੀਨ ਸਿੰਘ 'ਪੰਮਾਂ ਪ੍ਰਬੋਧ"ਬ੍ਰਾਹਿਮਣ ਕਸੌਟੀ" ਪੰਮਿਆਂ ਦੀ ਕਰਤੂਤ'ਪੰਮਾਂ ਵਰਲਾਪ ਆਦਿ ਨਿੱਕੀਆਂ ੨ ਝੂਠੀਆਂ ਪੋਥੜੀਆਂ ਬਨਾ ਰਹੇ ਹਨ ਜਿਨਾਂ ਵਿਚ ਪੂਜਨੀਕ ਪਵਿੱਤ੍ਰ ਬ੍ਰਾਹਿਮਣਕੌਮ ਦੀ ਨਿੰਦਜਾ ਲਿਖ ਰਹੇ ਹਨ ਕਿ ਸਾਡੇ ਗੁਰੂਆਂ ਦੇ ਪੁੱਤ੍ਰ ਬ੍ਰਾਹਿਮਣਾਂ ਨੇ ਮਰਵਾ ਦਿੱਤੇ ਇਸ ਥੀਂ ਬ੍ਰਾਹਿਮਣਾਂ ਦੇ ਪਿੱਛੇ ਲਗਣਾਂ ਵੀ ਮਹਾਂ ਪਾਪ ਹੈ ਪਰ ਅਸੀਂ ਗੁਰੂ ਵਾਕ ਅਨੁਸਾਰ ਏਹ ਸਮਝ ਛੱਡਿਆ ਹੈ ਕਿ"ਨਿੰਦਕ ਹਮਰੇ ਕੱਪੜੇ ਧੋਈ" ਫੇਰ ਵੀ ਅਸੀਂ ਏਤਨੀ ਗੱਲ ਦੱਸ ਦੇਨੀ ਜ਼ਰੂਰੀ ਸਮਝਦੇ ਹਾਂ ਕਿ ਤੁਹਾਡੇ ਗੁਰੂਆਂ ਦੇ ਪੁੱਤ੍ਰ ਅਸੀਂ ਨਹੀਂ ਮਰਵਾਏ ਓਨਾਂ ਦੀ ਮੌਤ ਦੇ ਚਾਰ ਕਾਰਣ ਹਨ ਸੌ ਣ ਲਓ।

ਪਹਿਲਾ ਕਾਰਣ

ਗ੍ਰੰਥ ਸਾਹਿਬ ਆਸਾ ਦੀ ਵਾਰ ਵਿੱਚ ਲਿਖਿਆ ਹੈ ਕਿ (੧) ਜੰਮਨ ਮਰਣਾ ਹੁਕਮ ਹੈ ਭਾਣੇ ਆਵੇ ਜਾਇ ॥ ਜੰਮਣਾਂ ਤੇ ਮਰਣਾ ਪ੍ਰਮੇਸ੍ਵਰ ਦੇ ਹੁਕਮ(ਭਾਣੇ) ਤੋਂ ਹੁੰਦਾਹੈ (੨)ਜਦੋਂ ਗ੍ਰੰਥਸਾਹਿਬ ਵਿੱਚਲਿਖਿਆਹੈ ਕਿ ਜੰਮਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਮਰਣਾਂ ਪ੍ਰਮੇਸ਼੍ਵਰ ਦੇ ਹੁਕਮ (ਭਾਣੇ) ਤੋਂ ਹੁੰਦਾ ਹੈ ਫੇਰ ਅਸੀਂ ਤੁਹਾਡਾ ਕਹਿਆ ਮੰਨੀਏਂ ਕਿ ਗੁਰੂ ਗ੍ਰੰਥਸਾਹਿਬ ਦਾ ਜੇ ਕਹੋਂ ਸਾਡਾ ਤਾਂ ਕੀ ਤੁਸੀਂ ਗ੍ਰੰਥ ਸਾਹਿਬਨੂੰ ਨਹੀ ਮੰਨਦੇ ਜੇ ਕਹੋਂ ਮੰਨਦੇ ਹੈਂ ਤਾਂ ਏਹ ਗੱਲ ਕਹਿਣੀ ਛੱਡੋ ਕਿ ਸਾਡੇ ਗੁਰੂਆਂਦੇਪੁੱਤ੍ਰ ਬ੍ਰਹਿਮਣਾਂਨੇ ਮਰਵਾ ਦਿੱਤੇ ਤੇ ਏਹ ਕਹੋ ਬੀ ਪ੍ਰਮੇਸ਼੍ਵਰ ਦੇ ਹੁਕਮ (ਭਾਣੇ) ਨਾਲ ਮਰੇ ਗੁਰੂਪੁੱਤ੍ਰਾਂ ਦੀ ਮੌਤ ਦਾ ਪਹਿਲਾ ਕਾਰਣ ਏਹੋ ਈ ਹੈ ਕਿ ਪ੍ਰਮੇਸ਼੍ਵਰਦੇ ਹੁਕਮ (ਭਾਣੇ) ਨਾਲ ਮਰੇ ਬੱਸ ਅਬ ਖਾਲਸਾ ਜੀ ਅਗੋਂ ਵਾਸਤੇ ਬ੍ਰਹਿਮਣਾਂ ਦੀ ਨਿੰਦਾ ਕਰਣੀ ਛੱਡੋ ਤੇ ਅਰਦਾਸਾ ਸੋਧੋ ਕਿ ਅਸੀਂ ਕਦੀ ਬ੍ਰਹਿਮਣਾਂ ਦੀ ਨਿੰਦਾ ਨਹੀਂ ਕਰਾਂਗੇ ਹੁਣ ਸਾਨੂੰ ਬਖਸ਼ਿਆ ਜਾਵੇ ਤਾਂ ਬਖਸ਼ੇ ਜਾਓਂਗੇਨਹੀ ਤਾਂ ਗੁਰੂ ਵਾਕ ਅਨੁਸਾਰ "ਨਿੰਦਕ ਸੋਧ ਸਾਧਿ ਬਿਚਰੀਆ ॥ ਕਹੁ ਰਵਿਦਾਸ ਪਾਪੀ ਨਰਕ ਸਿਧਰੀਆ" ਪਾਪੀ ਹੋਕੇ ਪਏ ਨਰਕਾਂ ਵਿੱਚ ਭਟਕ ਦੇ ਫਿਰੋਂਗੇ ॥

ਦੂਜਾ ਕਾਰਣ

ਗੁਰੂ ਗੋਬਿੰਦਸਿੰਘ ਜੀ ਦੀ ਬਨਾਈ ਹੋਈ ਸੌ ਸਾਖੀ ਜੇਹੜੀ ਬਜੀਰ ਹਿੰਦ ਪ੍ਰੇਸ ਅੰਮ੍ਰਿਤਸਰ ਵਿੱਚ ਛਪੀ ਹੈ ਉਸਦੀ ਸਾਖੀ ੫੨ ਔਰ ੫੬ ਵਿੱਚ ਇਉਂ ਲਿਖਿਆਹੈ।

(ਪ੍ਰਮਾਣ) ਜੁਝਾਰਸਿੰਘ ਜੋਰਾਵਰਸਿੰਘ ਜੀ। ਫਤੇਸਿੰਘਜੀ ਤੀਨਹੀ। ਤੀਨ ਅਗਨਿ ਸਮਾਨ। ਦਾਖਾਣਾਤਯ ਗਾਰਰਪਤ ਮਹਾਂ ਪ੍ਰਸਥ ਅਵਤਾਰ। ਤੁਰਕ ਬਨਦਾਹਕ

(ਸਾਖੀ ੫੨)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਛੇ ਭਾਣਾਂ ਜੋ ਕੁਛ ਹੂਆ। ਬਡੀ ਮਾਤ ਸੰਗ ਗੁਰ-ਸੁਤ
ਮੂਆ॥ ਬਿਓਗ ਕਥਾ ਬਰਨੀ ਕਿਮਜਾਈ। ਸਹਰੰ ਸਿ-
ਰੰਦ ਤੁਰਕ ਰਹੇ ਜਾਈ॥ ਗਿਰ ਕਰ ਮਰੀ ਮਾਤ ਸੁਨ
ਐਸੇ। ਕ੍ਰਿਸ਼ਨ ਬਿਓਗ ਦੇਵਕੀ ਜੈਸੇ॥ ਦੁਸਟਨ ਬਾਲ
ਮਾਰੇ ਅਤਿ ਪਾਪੀ। ਉਖੜੀ ਜੜ ਤੁਰ[illegible]ਨ ਸਬ ਥਾਪੀ॥

(ਸਾਖੀ ੫੬)

ਭਾਵ—ਜੁਝਾਰਸਿੰਘ ਜੋਰਾਵਰਸਿੰਘ ਫਤੇਸਿੰਘਏਹ ਤਿੰਨੇ ਗੁਰ ਪੁੱਤ੍ਰ ਤੁਰਕ ਰੂਪੀ ਬਨ ਨੂੰ ਸਾੜਨ ਵਾਸਤੇ ਅਗਨੀ ਦੀ ਤਰਹਿ ਹਨ ਪਿੱਛੇ ਜੇਹੜਾ ਭਾਣਾ (ਕਿਲੇ ਸੇ ਨਿਕਾਲੇ ਜਾਨਾਂ ਆਦਿ) ਹੂਆ ਉਸਥੀਂ ਬਡੀ ਮਾਤਾ ਦੇ ਸੰਗ ਗੁਰਪੁੱਤ੍ਰ ਮਰਗਏ ਸਰ ਹਿੰਦ ਨਿਵਾਸੀਤੁਰਕਾਂਨੇਜੇਹ-ੜਾ ਬਿਛੋੜਾ ਪਾਇਆ ਹੈ ਉਸਦੀ ਕਥਾ ਕਹੀਨਹੀ ਜਾਂਦੀ ਅਪਨੇ ਪੁਤ੍ਰਾਂਦੀ ਮੌਤ ਸੁਨਕੇ ਮਾਤਾ ਇਸਤ੍ਰਰਾਂ ਡਿਗਪਈ ਜਿਸ ਤਰਾਂ ਭਗਵਾਂਨ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦੇ ਬਿਛੋੜੇ ਦੇ ਪੈਂਣ ਨਾਲ ਸ੍ਰੀ ਮਾਤਾ ਦੇਵਕੀ ਜੀ ਡਿਗ ਪਈ ਸੀ ਔਰ ਕਹਿਨੇ ਲੱਗੀ ਕਿ ਦੁਸਟੋਂ ਔਰ ਪਾਪੀ ਤੁਰਕੋਂ ਨੇ ਮੇਰੇ ਮਾਸੂਮ ਬੱਚੇ ਮਰਵਾ ਦਿੱਤੇ ਇਸ ਵਾਸਤੇ ਓਨਾਂ ਦੀ ਜਪੀ ਹੂਈ ਜੜ ਉਖੜ ਜਾਏਗੀ॥

(ਨੋਟ)ਕਜੋਂ ਪਿਆਰੇ ਨਵੀਨ ਸਿੰਘੋ ਗੁਰੂ ਪੁਤ੍ਰ ਬ੍ਰ-ਹਣਾਂ ਨੇ ਮਰਵਾ ਏਦਾ ਨਾਂਮ ਤੱਕ ਭੀ ਏਥੋਂ ਨਿੱਕਲਿ-ਆ ਪਰ ਨਿੱਕਲੇ ਵੀ ਕਿੱਥੋਂ ਜਦੋਂ ਮਾਤਾ ਤਾਂ ਕਹਿੰਦੀ ਹੈ ਕਿ ਤੁਰਕਾਂ ਨੇ ਮੇਰੇ ਪੁਤ੍ਰ ਮਰਵਾ ਦਿੱਤੇ ਓਨਾਂ ਦੀ ਜੜ ਉੱਖੜ ਜਾਏਗੀ ਤੁਸੀਂ ਕਹਿਦੇਹੋਂ ਸਾਡੇ ਗੁਰੂਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਤ੍ਰ ਬ੍ਰਹਿਮਣਾਂ ਨੇ ਮਰਵਾ ਦਿੱਤੇ ਸੋਕ ਤੁਹਾਡੀ ਏਸ ਅਕਲ ਉਤੇ ਜੇਹੜੇ ਮਾਤਾ ਦੇ ਕਹਿਣੇ ਨੂੰ ਝੂਠਾ ਬਨਾਕੇ ਆਪ ਸੱਚੇ ਬਨੇ ਚਹੁੰਦੇ ਹੋ ਬੱਸ ਗੁਰੂ ਪੁਤ੍ਰਾਂ ਦੀ ਮੌਤ ਦਾ ਦੂਜਾ ਕਾਰਣ ਏਹੋ ਈ ਹੈ ਕਿ ਗੁਰੂ ਪੁੱਤ੍ਰ ਤੁਰਕਾਂਦੇ ਸ਼ੱਤ੍ਰ ਸਨ ਜੈਸਾ ਕਿ ਗੁਰੂ ਗੋਬਿੰਦਸਿੰਘਜੀ ਦਾ ਸੌ ਸਾਖੀ ਵਿੱਚੋ ਲਿਖਿਆ ਅਸੀਂ ਪਿੱਛੇ ਦੱਸ ਆਏ ਹੈਂ ਤੇ ਤੁਰਕ ਗੁਰੂ ਪੁੱਤ੍ਰਾਂ ਦੇ ਸ਼ਤ੍ਰੂ ਸਨ ਆਪੋ ਵਿੱਚੀ ਦੁਹਾਂ ਦੀ ਦੁਸ਼ਮਨੀ ਸੇ ਜੀਦਾ ਵਾਉ ਚੱਲ ਗਿਆ ਉਸੀ ਨੇ ਦੂਸਰੇ ਨੂੰ ਮਾਰ ਦਿੱਤਾ ਜਿਸ ਤਰਾਂ ਗੁਰੂ ਗੋਬਿੰਦ ਸਿੰਘ ਜੀਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਮਾਰਿਆ ਤੇ ਮੁਸਲਮਾਨਾਂ ਨੇ ਓਨਾਂ ਦੇ ਪੁਤ੍ਰ ਮਾਰ ਦਿੱਤੇ ਸੰਨੋਂ ਦੋਸ਼ ਦਿੰਦੇ ਹੋਂ ਬ੍ਰਹਿਮਣਾਂ ਨੂੰ ਭਲਾ ਦਸੋ ਬੀ ਤੁ-ਹਾਡੀ ਏਸ ਘਰ ਦੀ ਦੁਸਮਨੀ ਨੂੰ ਬ੍ਰਹਿਮਣ ਕੀ ਕਰਨ ਬ੍ਰਹਿਮਣਾਂ ਨੇ ਤਾਂ ਗੁਰੂਆਂ ਦੀ ਓਹ ਸਹੈਤਾ ਕੀਤੀ ਜੇਹ-ੜੀ ਸਿੱਖ ਹਜਾਰੋਂ ਵਰਸ਼ਾਂ ਤੱਕ ਬ੍ਰਹਿਮਣਾਂ ਦੀ ਨਹੀ ਕਰ ਸੱਕਦੇ "ਅਸਥਾਨੀ ਪੁਲਾਕ ਨਿਆਇ" ਸੇ ਦੇਖੋ ਸੂਰਜ ਪ੍ਰਕਾਸ਼ ਜਿਲਦ ੧ ਰਾਸ ੬ ਅੰਸੂ ੭

(੧) ਕਰੀ ਸੰਭਾਰਿ ਪ੍ਰਵਾਰ ਕੀ ਸ੍ਰੀ ਸਤਿਗੁਰ ਤਿਸ ਕਾਲ। ਇੱਕ ਵੀਰੋਂ ਕੀ ਸੁਧਿ ਨਹੀ ਔਰਸਕਲਹੈਨਾਲ। ਮਾਤਾ ਸਮਝਯੋ ਹੋਇਗੀ ਦੂਸਰ ਮਾਤਾ ਸੰਗ। ਯਾਂਤੇਭੂਲੀ ਸਦਨ ਮੈ ਲਿਆਵੈ ਕੌਨ ਨਿਸੰਗ। ਸਿੰਘੇ ਪ੍ਰੋਹਤਕੋ ਕਹਾ ਬਾਬਕ ਸੰਗ ਸੁਧਾਰ। ਆਨਹੁ ਬੀਬੀ ਕੋ ਈਹਾਂ ਸਫਲ ਜਨਮ ਤੁਹਾਰਿ।

ਭਾਵ—ਛੀਮੇ ਗੁਰ ਹਰਿਗੋਬਿੰਦਜੀ ਕੀ ਪੁੱਤ੍ਰੀ ਬੀਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਰੋ ਵਿਵਾਹ ਧਰੀ ਜੁੱਧਦੇ ਵਕਤ ਗੁਰੂ ਜੀ ਕੱਲੀ ਨੂੰ ਘਰ ਭੁਲ ਆਏ ਉਸ ਵਕਤ ਬੀਬੀ ਜੀ ਨੂੰ ਕੋਈ ਸਿਖ ਤੁਰਕਾਂ ਤੋਂ ਡਰਦਾ ਲੈਣ ਨਾਂ ਗਿਆ ਗੁਰੂਜੀਦਾ ਪ੍ਰੋਹਿਤ ਸਿੰਘਾ ਬ੍ਰਹਿਮਣ ਜਾਕੇ ਲਿਆਇਆ ਔਰ ਮੁਸਲਮਾਨਾਂ ਦੇ ਨਾਲ ਬਡੇ ਯੁੱਧ ਕੀਤੇ ਜੇ ਸਿੰਘਾ ਬ੍ਰਹਿਮਣ ਉਸ ਵਕਤ ਬੀਬੀ ਜੀ ਨੂੰ ਨਾ ਲਿਅਉਂਦਾ ਤਾਂ ਸੋਚ ਲਓ ਕਿ ਗੁਰੂ ਘਰ ਵਿੱਚ ਕੈਸਾ ਕਲੰਕ ਰਹਿੰਦਾ ਜੇ ਸਮਝਨ ਤਾਂ ਖਾਲਸਾ ਭਾਈਆਂ ਦੇ ਵਾਸਤੇ ਬ੍ਰਹਿਮਣਾਂ ਦਾ ਏਹ ਇੱਕੋ ਈ ਉਪਕਾਰ ਕਾਫ਼ੀ ਹੈ॥

(੨)ਦੂਜੇ ਦੇਖੋ ਦਸਮ ਗ੍ਰੰਥਸਾਹਿਬ ਬਚਿਤ੍ਰ ਨਾਟਕ ਅ:੯ ਕੁਪਿਓ ਦੇਵ ਤੇ ਸੰਦਜਾ ਰਾਮ ਜੁੱਧੰ। ਕੀਓ ਦ੍ਰੋਣ ਕੀਜਯੋ ਮਹਾਂ ਸੁੱਧ ਸੁੱਧੰ॥ ਭਾਵ—ਗੁਰੂ ਗੋਬਿੰਦ ਸਿੰਘ ਜੀ ਨੂੰ ਭੰ-ਗਾਣੀ ਦੇ ਜੁੱਧ ਵਿੱਚ ਦਯਾ ਰਾਮ ਬ੍ਰਾਹਿਮਣ ਨੇ ਹੀ ਜਿੱਤ ਕਰਵਾਈ ਜਿਸ ਥੀ ਪ੍ਰਸੰਨ ਹੋਕੇ ਗੁਰੂ ਜੀ ਨੇ ਦਯਾਰਾਮ ਜੀ ਨੂੰ ਦ੍ਰੋਣਾਂ ਚਾਰਯ ਗੁਰੂ ਦੀ ਪਦਵੀ ਦਿੱਤੀ ਪੰਥਪ੍ਰਕਾਸ਼ ਸੰਮਤ ੧੯੪੯ ਉਤ੍ਰਾਰਧ ਸਫ਼ਾ ੭੩੧ ਵਿੱਚ ਤਾਂ ਏਥੋਂ ਲਿਖਿਆ ਹੈ॥

ਪੁਨ ਦਯਾਰਾਂਮਕੇ ਤਾਂਈ। ਕੁਲ ਪ੍ਰੋਹਿਤ ਲੱਖ ਜਗ ਸਾਂਈ ਲਿਖਦੀਨੋ ਪਟਾ ਅਖੰਡਾ। ਬਖਸਿਓ ਇੱਕਢਾਲਾ ਖੰਡਾ

ਭਾਵ—ਜੁੱਧ ਦੇ ਪਿਛੋਂ ਦਯਾਰਾਮ ਜੀ ਕੋ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਕੁਲ ਪ੍ਰੋਹਿਤ ਔਰ ਜਗਤ ਕਾ ਸਾਂਈ ਜਾਂਨ ਕਰ ਜੈਸੇ ਗ੍ਰੰਥ ਸਾਹਿਬ ਵਿੱਚ ਲਿਖਿਆਹੈ "ਬਾਮਣ ਗੁਰੂ ਹੈ ਜਗਤ ਕਾ" ਸਬਨਾਂ ਜੋਧਿਆਂ ਵਿੱਚੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰੋਮਣੀ ਬਹਾਦਰੀ ਦਾ ਪਟਾ ਲਿਖਕੇ ਦਿੱਤਾ।

([illegible]) ਤੀਜੇ ਜੁੱਧ ਕਰਨ ਤੋਂ ਪਹਿਲਾਂ ਕੇਸਵਦਾਸ ਸਾਰ ਸੁਤ ਬ੍ਰਾਹਿਮਣ ਨੇ ਹੀ ਸਵਾ ਸਾਲ ਹਵਨ ਕਰਕੇ ਦੇਵੀ ਪ੍ਰਤੱਖ ਕੀਤੀ ਜਿਸਤੋਂ ਵਰ ਲੈਕੇ ਗੁਰੂ ਗੋਬਿੰਦਸਿੰਘ ਜੀ ਨੇ ਤੁਰਕਾਂ ਨੂੰ ਮਾਰਿਆ ਵੇਖੋ ਉਪ੍ਰੋਕਤ ਸੌ ਸਾਖੀ ਦੀਸਾਖੀ ੧੭ ਔਰ ਸੂਰਜ ਪ੍ਰਕਾਸ਼ ਜਿਲਦ ੩ ਰੁਤ ੩ ਅੰਸੂ ੧੧

ਡੇਢ ਪਹਿਰ ਦਿਨਕੇ ਰਹੇ ਨੌਮੀ ਆਦਿ ਤਵਾਰ।

ਚੇਤਮਾਸ ਪੱਖ ਸੁਕਲਮਹ ਬਿਦਤੀ ਜਗਤ ਮਝਾਰ।

ਆਇਆ ਭੋਰਵਾਦਿਨ ਵਿਜਕੇਸਵ। ਹਾਥ ਜੋੜ ਬੋਲੇ ਸਬ ਸੇ ਸਬਾਦੇਵ ਕ੍ਰਿਪਾ ਮਮ ਤੁਮ ਪ੍ਰਸਾਦਿ। ਦੀਓ ਮੰਤ੍ਰ ਕੁਲ ਗੁਰ ਮੂਹ ਆਦਿ। ਦੇਵ ਅਰਾਧਨ ਉੱਦਮ ਧਾਰਾ। ਧੰਨ ਧੰਨ ਗੁਰ ਤੂੰ ਵੰਸ ਨਿਸਤਾਰਾ। ਹਮ ਛੱਤ੍ਰੀ ਤੁਮਸਾਰ ਸੁਤ-ਈਆ। ਹਮ ਸੁਤ ਤੁਮਰੇ ਭੁਮਹ ਜਨੈਆ। ਸਵਾ ਲਾਖ ਦੇਊਂਗਾ ਧਨਾ। ਏਹ ਕਹ ਮੇਲਿਓ ਅੰਗਨ ਘਨਾ।

ਭਾਵ—ਜਦ ਚੇਤ ਦੇ ਮਹੀਨੇ ਸੁਕਲ ਪੱਖ ਐਤਵਾਰ ਨੂੰ ਡੇਢ ਪਹਿਰ ਦਿਨ ਰਹਿਦੇ ਦੇਵੀ ਪ੍ਰੱਤਖ਼ ਹੋਈ ਤਦ ਪੰਡਿਤ ਕੇਸਵ ਦਾਸਜੀ ਹਵਨ ਕਰਕੇ ਮੰਦਰ ਸੇ ਬਾਹਿਰ ਨਿੱਕਲੇ ਗੁਰੂ ਗੋਬਿੰਦ ਸਿੰਘ ਜੀ ਹੱਥ ਜੋੜਕੇ ਪੰਡਿਤ ਜੀ ਨੂੰ ਕਹਿਨ ਲਗੇ ਹੇ ਦੇਵ ਤੁਹਾਡੀ ਕ੍ਰਿਪਾ ਔਰ ਤੁਹਾਡੇ ਅਰਾਧਨ ਕਰਨ ਥੀ ਦੇਵੀ ਨੇ ਪ੍ਰੱਤਖ ਹੋਕੇ ਮੈਨੂੰ ਵਰ ਦਿੱਤਾ ਤੁਸੀ ਗੁਰੂ ਵੰਸ ਦਾ ਨਿਸਤਾਰਾ ਕਰਨਵਾਲੇ ਧੰਨ ਹੋਂ ਮੈ ਛੱਤ੍ਰੀ ਹਾਂ ਤੁਸੀ ਸਾਰ ਸੁਤ ਬ੍ਰਾਹਿਮਣ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈ ਤੁਹਾਡਾ ਪੁੱਤ੍ਰ ਹਾਂ ਤੁਸੀ ਮੇਰੇ ਪੈਦਾ ਕਰਨੇ ਵਾਲੇ ਮਾ
ਈ ਬਾਪ ਹੋ ਮੈ ਅਨੰਦ ਪੁਰ ਸਹਿਬ ਚੱਲਕੇ ਤੁਹਾਨੂੰ
ਸਵਾ ਲੱਖ ਰੁਪਈਆ ਦੇਊਂਗਾ ਐਸਾ ਕਹ ਕਰ ਗੁਰੂ
ਜੀ ਨੇ ਪੰਡਿਤ ਕੇਸਵ ਦਾਸ ਜੀ ਨੂ ਅਪਨੀ ਛਾਤੀ ਸੇ
ਲਗਾ ਲੀਆ ਕਓਂ ਖਾਲ਼ਸਾਂ ਜੀ ਦੇਖਿਆ ਬ੍ਰਾਹਿਮਣ
ਦਾ ਉਪਕਾਰ ਜਿਸ ਦੀ ਵਡਿਆਈ ਕਰਦੇ ਗੁਰੂ ਜੀ ਦੀ
ਜੀਭਾ ਥੱਕ ਰਹੀ ਹੈ (੪) ਚੌਥੇ ਦੇਖੋ ਤਵਾਰੀਖ ਗੁਰੂ
ਖਾਲ਼ਸਾ ਹਿਸਾ ੧ ਨੰਬਰ ੨ ਕਥਾ ਗੁਰੂ ੬ ਸਵਾ ੬੯੬
"ਸੰਮਤ ੧੬੪੫ ਬਿਃ ਨੂੰ ਇਕ ਗੰਗਾਰਾਂਮ ਬ੍ਰਹਿਮਣ
ਵੁਪਾਰੀ ਬਠਿੰਡੇ ਦੇ ਰਹਿਨ ਵਾਲ਼ਾ ਬਾਜਰੇ ਦੇ ਉਠ ਲੱਦ
ਕੇ ਮਾਝੇ ਦੇਸ ਗੁਰੂਜੀਕੇ ਚੱਕ ਜਾ ਉਤਰਿਆ ਅਗੇ ਗੁਰੂ
ਸਹਿਬ ਸੰਤੋਖ ਸਰਤੇ ਅੰਮ੍ਰਿਤਸਰ ਦੇ ਤਲ਼ਾਉ ਬਨਾ ਰਹੇ
ਸੇ ਏਸ ਕਰਕੇ ਓਥੇ ਬਹੁਤ ਆਦਮੀ ਜਮਾਂ ਸੇ ਅੰਨਮੁੱਕ
ਗਿਆ ਤੇ ਲੰਗਰ ਨਾ ਪੱਕਿਆ ਤਾਂ ਗੰਗਾ ਰਾਮਨੇ ਸੋ-
ਚਿਆ ਹੋਰ ਕਿਧਰੋਂ ਅੰਨ ਨਹੀ ਆਇਆ ਏਹ ਸੋਚਕੇ
ਸੌਮਣ ਬਾਜਰੀ ਗੁਰੂਕੇ ਅਰਪਣਕੀਤੀ "ਇਸਦੀਪੁਸਟੀ
ਦੇਵਾਸਤੇ ਦੇਖੋ ਪੁਸਤਕ ਸ੍ਰੀਗੁਰੂ ਤੀਰਥਸੰਗ੍ਰਹ ਸਫ਼ਾ ੨੨੫
ਮੇਂ ਲਿਖਾ ਹੈ ਕਿ" ਗੰਗਾਰਾਮ ਬ੍ਰਹਮਣਦਾਜਨਮਬਠਿੰਡੇ
ਸਹਿਰ ਮੇਂ ਹੂਆ ਅੰਮ੍ਰਿਤਸਰ ਜੀਕੀ ਰਚਨਾਸਮੇ ਇਸਨੇ
ਲੰਗਰਮੇਂ ਬਹੁਤ ਸਹੈਤਾ ਕਰੀ "ਪਿਆਰੇ ਖਾਲਸਾ
ਭਾਈਓ ਅਖਾਂਤੋ ਤਅੱਸਬ ਦੀ ਪੱਟੀ ਉਤਾਰਕੇ ਦੇਖੋ ਬ੍ਰਾਹ-
ਮਣ ਗੁਰੂਘਰਪਰ ਕੈਸਾ ੨ ਉਪਕਾਰ ਕਰਦੇਰਹੇ ਹਨ ਜੋ
ਭੁਖੀਬੈਠੀਸੰਗਤ ਨੂੰ ਅਪਨੇ ਪਾਸੋ ਸੌਸੌਮਣ ਅੰਨ ਦਿੰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਹਨ ॥

(੫) ਪੰਜਮੇ ਸ੍ਰੀਗੁਰੂਗ੍ਰੀਥਸਾਹਿਬਵਿੱਚ ੪੯ ਪੁਰਸ਼ਾਂਦੀ ਬਾਣੀਹੈ ਜਿਨਾਂਵਿੱਚੋਂ (ਤ੍ਰਿਲੋਚਨ ੧ ਰਾਮਾਨੰਦ ੨ ਪਰਮਾ· ਨੰਦ ੩ ਜੈਦੇਵ ੪ ਸੂਰਦਾਸ੫ ਬੇਣੀ ੬ ਭਿੱਖਣ ੭ ਮਥੁਰਾ ੮ ਜਾਲਪ ੯ ਵਲ੧੦ ਹਰਿਵੰਸ ੧੧ ਟੱਲ ੧੨ ਸੱਲ ੧੩ ਜਲਪ ੧੪ ਸਹਭੱਲ ੧੫ ਕਲਸਹਾਰ ੧੬ ਕਲ ੧੭ ਜਲ ੧੮ ਨਲ ੧੯ ਸੁਰਗੀਵਸਰੂਪ ੨੦ ਕੀਰਤ ੨੧ ਦਾਸ ੨੨ ਗਯੰਦ ੨੩ ਸਦਰੰਗ ੨੪ ਭੀਖਾ ੨੫)ਏਨਾਂ ਉਪ੍ਰੋਕਤ ਪੰਝੀ ਬ੍ਰਾਹਮਣਾਂ ਦੀ ਬਾਣੀ ਸਬ ਤੋਂ ਅਧਿਕ ਬਾਣੀਹੈ ਜੀਦੇ ਪੜਨਨਾਲ ਖਾਲਸਾ ਭਾਈ ਅਪਨੀ ਕਲਿਆਨ ਹੋਨੀ ਮੱਨਦੇ ਹਨ ਊਂ ਕਹਿਦੇ ਹਨ ਅਸੀਂ ਬ੍ਰਾਹਮਣਾਂਦੇ ਮੱਥੇਈ ਨਈ ਲਗਨਾਂ ॥

"ਅੰਧੇਅਕਲੀਬਾਹਿਰੇ ਕਿਆਤਿਨਸੋਕਹੀਏ"

ਤੀਜਾਕਾਰਣ

ਗੁਰੂ ਅਰਜਨ ਦੇਵ ਔਰ ਚੰਦੂਦੀਵਾਨਦੀ ਨਾਤਾ ਹਟਾ ਦੇਨਦੇ ਕਾਰਣ ਆਪੋ ਵਿੱਚੀ ਜਿੱਦਸੀ ਚੰਦੂਦੀਵਾਨਨੇ ਬਦਾ- ਸ਼ਾਹ ਜਹਾਂਗੀਰ ਨੂੰ ਸਿਖਾਕੇ ਗੁਰੂਅਰਜਨਜੀਨੂੰ ਲਾਹੌਰ ਬੁਲਾਇਆ ਗੁਰੂਜੀ ਜਦੋਂ ਲਾਹੌਰੋਂ ਜਾਨਲਗੇ ਤਾਂ ਬਾਬੇ ਬੁਢੇਨੇ ਓਨਾਂਨੂੰ ਜਾਨਤੋਂ ਰੋਕਿਆ ਗੁਰੂਜੀਨੇ ਬਾਬੇ ਬੁਢੇ ਨੂੰ ਸਮਝਾਕਿਹਾ ਭਾਈ ਬੁਢੇ ਆਜਦੋਂ ਗੁਰੂਨਾਨਕ ਜੀ ਕਾਬਲਦੀ ਧਰਤੀ ਗਏ ਤਾਂ ਤਿਮਰਨਾਮੀ ਅਯਾਲੀ ਨੂੰ ਸੱਤਮੁਠੀ ਭੰਗਦੇ ਬਦਲੇ ਸੱਤਾਂਪੀੜੀਆਂਤੱਕ ਬਾਦਸ਼ਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਨਲਗੇ ਤਾਂ ਭਾਈਬਾਲੇ ਔਰ ਮਰਦਾਨੇ ਗੁਰੂਜੀ ਨੂੰ ਐਸਾਕਰਨ ਤੋਂ ਰੋਕਿਆ ਤਦ ਗੁਰੂਨਾਨਕ ਜੀ ਕਿਹਾ ਦੇਖੋ ਗੁਰਬਿਲਾਸ ਪਾਤਸਾਹੀ ੬ ਅਧਜਾਇ ੭ ਅੰਕ ੧੨੨ ਸੇ ੧੨੪ ਤੱਕ ॥

ਸ੍ਰੀਗੁਰੂ ਕਹਿ ਪੰਚਮ ਬਪੁਲੇਵੋਂ । ਪ੍ਰਿਥਮਸੀਸ ਇਸਹੀ ਹਿਤਦੇਵੋਂ । ਅਸਟਮ ਗ੍ਰਹਿ ਪੁਨ ਧਾਰਬਪਦੇਵੋਂ ਸੀਸ ਉਤਾਰ । ਦਸਮਰੂਪਕੇ ਚਾਰਸੁਤ ਦੇਵੋਂ ਏਹ ਹਿਤ ਵਾਰ ।

ਭਾਵ—ਜਦੋਂ ਅਸੀਂ ਪੰਜਮਾਂਜਨਮ ਗੁਰੂਅਰਜਨਦੇਵ ਜੀਦਾ ਅੱਠਵਾਂਗੁਰੂ ਹਰਿਕ੍ਰਿਸ਼ਨਜੀਦਾ ਨੌਮਾਂ ਗੁਰੂ ਤੇਗ-ਬਹਾਦਰ ਜੀ ਦਾ ਧਾਰਨ ਕਰਾਂਗੇ ਦਸਮੇਂ ਰੂਪ ਗੁਰੂ ਗੋਬਿੰਦਸਿੰਘਜੀਦੇ*ਚਾਰਪੁਤ੍ਰ ਏਹਸਾਡੇ ਸੱਤਸਿਰ ਲੱਗ ਕੇ ਬਾਦਸ਼ਾਹੀ ਫਿਰਸਾਡੇਹੀ ਪਾਸ ਵਾਪਿਸ ਆਜਾਵੇਗੀ ॥

(ਨੋਟ) ਪਿਆਰੇ ਖ਼ਾਲਸਾ ਜੀ ਹੁਣ ਦਸੋਗੁਰੂਆਂਦੇ ਪੁੱਤ੍ਰ ਕੀਨੇ ਮਰਵਾਏ ਏਹਤਾਂ ਭਾਂਵੇ ਲੈਣੇਦੇ ਦੇਣੇ ਪੈਗਏ ਗੁਰੂ ਪੁੱਤ੍ਰ ਮਰਵਾਉਣਵਾਲੇ ਤਾਂ ਘਰਵਿਚੋਂਈ ਨਿਕਲ-ਆਏ ਬੱਸ ਗੁਰੂ ਪੁੱਤ੍ਰਾਂਦੀ ਮੌਤਦਾਤੀਜਾ ਕਾਰਣ ਏਹੋਈਹੈ ਕਿ ਭੰਗਦੇ ਬਦਲੇ ਗੁਰੂਨਾਨਕ ਦੇਵਜੀਨੇਹੀ ਮਰਵਾਏ ਬ੍ਰਾਹਮਣਾਂਦਾ ਨਾਂਮ ਘਰ ਲਕੋਨ ਵਾਸਤੇ ਐਂਵੇ ਵਾਧੂਈਨਾਲ ਜੱਦੜੀਜਾਂਦੇ ਹੋਂ ਏਹ ਕਿਆਹੀ ਖੂਬ ਹੈ "ਉਲਟਾ ਚੋਰ ਕੋਤਵਾਲਨੂ ਡਾਟੇ"

---

* ਅਜੀਤਸਿੰਘ ੧ ਜੁਝਾਰਸਿੰਘ ੨ ਜੋਰਾਵਰ ਸਿੰਘ ੩ ਫਤੇਸਿੰਘ ੪

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਥਾ ਕਾਰਣ

ਸੂਰਜ ਪ੍ਰਕਾਸ਼ ਜਿਲਦ ੩ ਰੁੱਤ ੩ ਅੰਸੂ ੧੧ ਦੇਵੀ ਪ੍ਰਤੱਖਹੋਨਦੇ ਪ੍ਰਸੰਗਵਿੱਚ ਇਉਲਿਖਿਆਹੈ ॥

ਅਬ ਦੀਜਹਿ ਕੁਛ ਭੇਟ ਹਮਾਰੀ। ਹੇ ਸੁਤ ਜਿਸਤੇ ਹੋਇ ਸੁਖ ਭਾਰੀ। ਸੁਨ ਗੁਰੂ ਕਰਦ ਕਰੀ ਕਰ ਧਾਰਣ। ਹਤ-ਨਿਜਤਨਕੀਆ ਰਕਤਨਿਕਾਰਨ ਸੋਲੇਕਰਜਗਮਾਤਪ੍ਰਸੰਨ। ਪੁਨਗੁਰਦੇਨ ਭੇਟ ਕਰਅੰਨ ਸ਼ਸਤ੍ਰਨ ਸਹਿਤ ਹੋਹਿ ਬਿਰਬਾਦੇ। ਚਾਰੋਂ ਦੀਨੇ ਸਾਹਿਬ ਜਾਦੇ। ਲਾਖੋਂ ਸਿੰਘ ਧਰੇ ਉਰ ਕ੍ਰੁਧ। ਹੁਇ ਤੁਮ ਭੇਟ ਮ੍ਰਿਤਕ ਬਿਚ ਜੁਧ। ਇਮਬਰ ਦੇਤੋ ਲੇਤ ਨਿਜਭੇਟ। ਤਤ ਛਿਨ ਅਪਨ ਪ੍ਰਕਾਸ਼ ਸਮੇਟ ॥

ਭਾਵ—ਜਦ ਗੁਰੂ ਗੋਬਿੰਦ ਸਿੰਘ ਜੀਨੇ ਦੇਵੀ ਪ੍ਰਤੱਖ ਕੀਤੀ ਤਾਂ ਦੇਵੀਮਾਤਾਨੇ ਬਲੀ (ਭੇਟ) ਮੰਗੀਗੁਰੂਜੀਨੇ ਕਰਦ ਲੈਕੇ ਅਪਨੀ ਉਂਗਲੀ ਵਿੱਚੋਂ ਰਕਤਖੂਨਨਿਕਾਲ ਕੇ ਦਿੱਤਾ ਮਾਤਾਜੀਨੇ ਪ੍ਰਸੰਨ ਹੋਕੇ ਹੋਰ ਭੇਟ ਮੰਗੀ ਤਦ ਗੁਰੂਜੀਨੇ ਸ਼ਸਤ੍ਰੋਸਹਿਤ ਅਪਨੇ ਸਾਹਿਬ ਜਾਦੇ ਔਰ ਲਖਾਂ ਹੀ ਸਿਖ ਭੇਟਾਕੀਤੇ ਸਾਥਹੀ ਏਹ ਆਖਿਆ ਕਿ ਮੇਰੇ ਚਾਰੋਂਪੁਤ੍ਰ ਔਰ ਲਾਖੋਂਸਿਖ ਜੁਧ ਵਿੱਚ ਤੁਹਾਡੀ ਭੇਟਾ ਚੜਨਗੇ ਮਾਤਾਜੀ ਗੁਰੂਜੀ ਨੂੰ ਵਰ ਦੇਕੇ ਔਰ ਅਪਨੀ ਭੇਟਾ ਲੈਕੇ ਅੰਤਰਧਜਾਂਨ ਹੋਗਈ ॥

(ਨੋਟ) ਕਰੋਂ ਖਾਲਸਾਜੀ ਦੇਖੇ ਗੁਰੂਵਾਕ ਹੁਣਵੀ ਤੁਹਾਨੂੰ ਕੁਛ ਸ਼ੰਕਾ ਬਾਕੀ ਰਹੀ ਸ੍ਰੀ ਗੁਰੂਨਾਨਕਦੇਵਜੀ ਨੇ ਤਾਂ ਸੱਤ ਸਿਰਹੀ ਦਿੱਤੇ ਸਨ ਗੁਰ ਗੋਬਿੰਦ ਸਿੰਘ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਦੇਵੀਮਾਤਾ ਦੇ ਐਸੇ ਸਰਧਾਲੂਭਗਤਨਿਕਲੇ ਜਿਸਨੇ ਅਪਨੇ ਚਾਰੋਂ ਬੇਟੇ ਔਰ ਲਾਖੋਂ ਸਿੱਖ ਭੇਟਾ ਕੀਤੇ ਫੇਰ ਤੁਸੀਂ ਕੇਹੜੇ ਮੂੰਹਲਾਲ ਆਖਦੇਹੋ ਕਿ ਸਾਡਿ ਗੁਰੂਆਂ ਦੇ ਪੁੱਤ੍ਰ ਬ੍ਰਾਹਮਣਾਂਨੇ ਮਰਵਾਦਿਤੇ ਗੁਰੂਪੁੱਤ੍ਰਾਂਦੀ ਮੌਤਦਾਚੌਥਾ ਕਾਰਣ ਏਹੋਈ ਹੈ ਕਿ ਗੁਰੂਗੋਬਿੰਦਸਿੰਘ ਜੀਨੇ ਅਪਨੇ ਪੁੱਤ੍ਰ ਖੁਦ ਦੇਵੀ ਮਾਤਾਦੀ ਭੇਟਾ ਕੀਤੇ ਏਹਹੈ ਗੁਰੂ ਪੁਤ੍ਰਾਂ ਦੀ ਮੌਤਦੇ ਚਾਰਕਾਰਨ ਜਿਨਾਂਦੇ ਵਿੱਚ ਗੁਰੂ ਪੁਤਬ੍ਰਹ-ਮਣਾਂ ਦੇ ਮਰਉਨਦਾ ਕਿਤੇ ਨਾਮ ਨਿਸ਼ਾਨ ਭੀ ਨਹੀ ॥

ਕੁੰਡਲੀਆਂ

ਭਾਣੇ ਸੇ ਗੁਰ ਸੁਤ ਮਰੇ ਦੇਖੋ ਆਦਿ ਗ੍ਰੰਥ
ਗੁਰੂ ਹੁਕਮ ਮਾਨਤ ਨਹੀਂ ਕੈਸਾ ਉਲਟਾ ਪੰਥ
ਕੈਸਾਉਲਟਾਪੰਥਮਾਨੇਨਹੀਂਗੁਰੂਨਾਨਕਕੇਹੁਕਮਕੀਏ
ਚਾਰੋਂਬੇਟੇ ਔਰਲਾਖ਼ੋਂਜੋਧੇ ਗੁਰੂਗੋਬਿੰਦ ਦੇਵੀਭੇਟ ਕੀਏ
ਕਹੇ ਸ਼ਰਮਾ ਮੁਨਸੀਰਾਮ ਦੋਸ਼ ਕਿਆ ਬ੍ਰਾਹਮਣ ਤਾਂਈ
ਕਹੀਏ ਜਾਕੇ ਗੁਰਾਂਨੂੰ ਜਿਨਾਂ ਹੁਕਮ ਕੀਆਈ ॥

ਬ੍ਰਹਮਣਾਂ ਦਾ ਗੁਰੂ ਪੁਤ੍ਰਾਂਨੂੰ ਨਾ ਮਰਵਾ-ਉਣ ਦਾਇਕਡੱਾਢਾਸਬੂਤ

ਗੁਰੂਗੋਬਿੰਦਸਿੰਘਜੀ ਔਰੰਗਜ਼ੇਬ ਨੂੰ ਚਿਠੀ ਲਿਖਦੇ ਹੋਇ ਦਸਮਗ੍ਰੰਥ ਸਾਹਿਬ ਜ਼ਫ਼ਰਨਾਮਾਂ ਹਿਕਾਇਤ ੧ ਵਿੱਚ ਅਪਨੇ ਚਾਰੋਂ ਪੁਤ੍ਰ ਔਰੰਗਜ਼ੇਬ ਨੇ ਮਰਵਾਏ ਲਿਖ-ਦੇ ਹਨ ॥

ਚਿਹਾਂਸ਼ੁਦ ਕਿ ਚੂੰਬਚਗਾਂ ਕੁਸਤ ਚਾਰ
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ ੨੮

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਮਰਦੀ ਕਿ ਅਖਗਰ ਖਮੋਸ਼ਾਂ ਕੁਨੀ
ਕਿਆਤਸ਼ ਦਮਾਰਾ ਬਦ ਉਰਾ ਕੁਨੀ

ਭਾਂਵ—ਕੀਹੋਇਆ ਜੇਤੈਂ ਮੇਰੇਚਾਰ ਬੱਚੇ ਮਾਰ ਦਿੱ
ਅਜੇ ਕੁੰਡਲੀਆ ਸੱਪਤਾਂਮੈਂ ਬਾਕੀਹਾਂਏਹਕੀ ਬਹਾਦਰ
ਹੈ ਜੋ ਤੂੰ ਚਿੰਗਾੜੀਆ ਬਝਉਦਾ ਹੈ ਔਰ ਭਸਮ ਕਰ
ਵਾਲੀ ਅੱਗ ਨੂੰ ਮਚਉਦਾ ਹੈਂ ਇਸ ਦਾ ਏਹੀ ਅਰ
ਭਾਈ ਕਾਂਨ ਸਿੰਘ ਅਪਨੇ ਬਨਾਏ ਹੂਏ ਗੁਰਮਤ ਸੁਧ
ਕਰ ਕਲਾਇੱਕ ਵਿਚ ਕਰਦਾ ਹੈ।

(ਨੋਟ)—ਇਸ ਥੀ ਮਾਮਲਾ ਸਾਫ ਹੋਗਿਆ ਹੈ ਕਿ
ਗੁਰੂ ਪੁਤ੍ਰ ਔਰੰਗਜੇਬ ਨੇ ਮਰਵਾਏ ਜੇ ਅਜੇ ਭੀ ਨਵੀ
ਸਿੰਘ ਅਪਨੀ ਹਠਧਰ ਮੀਸੇ ਗੁਰੂ ਪੁਤ੍ਰਾਂ ਦੀ ਮੌਤ
ਜੁੱਮੇਵਾਰ ਬ੍ਰਾਹਿਮਣਾਂ ਨੂੰ ਹੀ ਸਮਝਨ ਤਾਂ ਗੁਰੂ ਗੋਬਿੰ
ਸਿੰਘ ਜੀ ਝੂਠੇ ਸਿੱਧ ਹੋਨਗੇ ਜੋ ਔਰੰਗਜੇਬ ਨੇ ਮਰਵਾਏ
ਲਿਖ ਦੇ ਹੈਨ।

ਗੁਰੂ ਪੁਤ੍ਰ ਕੀਨੇ ਮਰਵਾਏ

ਗੁਰੂ ਗੋਬਿੰਦ ਸਿੰਘ ਜੀ ਨੇ ਅਪਨੇ ਦੋ *ਪੁਤ੍ਰ ਚਮਕੌਰਛੇਕ ਰੀ
ਮੁਸਲਮਾਨਾ ਦੀ ਬਹੁਤ ਸਾਰੀ ਫੌਜ ਵਿਚ ਘੱਲਕੇ ਮਰੀ ਸ
ਵਾ ਦਿੱਤੇ ਓਨਾਂ ਬਿਚਾਰੇ ਮਾਸੂੰਮ ਬਚਿਆਂ ਨੂੰ ਪਾਣੀ ਤੱਕਮਸੀ
ਵੀ ਪੀਨ ਨੂੰ ਨਹੀ ਦਿਤਾ ਜਿਸ ਸੇ ਓਹ ਛੇਤੀ ਮਰਗਏ ਗੁਰੂ
ਦੇਖੋ ਤਵਾਰੀਖ ਗੁਰੂ ਖਾਲਸਾ ਹਿਸਾ ੧ ਨੰਬਰ ੩ ਸਫਾ ਬੇ
੧੯੫੩ ਅਗੇ ਤੁਰਕਾਂ ਦੀਆਂ ਤਲਵਾਰਾਂ ਚਮਕ ਦੀਆਂ ਸੋਈ

*ਅਜੀਤ ਸਿੰਘ ੧ ਜੁਝਾਰ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ੂ ਵੇਖਕੇ ਸਾਹਿਬ ਜ਼ਾਦੇ ਦਾ ਜ਼ਰਾ ਕੁਗਲਾ ਸੁਕਿੱਆ
ਜਲ ਮੰਗਿਆ ਤਾਂ ਗੁਰੂ ਜੀ ਨਿਰਮੋਹ ਹੋਕੇ ਬੋਲੇ
ਟਾ ਏਸ ਲੋਕ ਵਿਚ ਤੇਰੇ ਪੀਣ ਵਾਲਾ ਜਲ ਨਹੀ ਹੈ
ਟ—ਏਨਾ ਕਾਰਨਾ ਤੋ ਸਾਫ ਮਲੂੰਮ ਹੁੰਦਾ ਹੈ ਕਿ
ਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਅਪਨੇ ਚਾਰੋ ਪੁਤ੍ਰ
ਵੀ ਮਾਤਾ ਦੀ ਭੇਟਾ ਕੀਤੇ ਦੂਜੇ ਅਪਨੇ ਦੋ ਪੁਤ੍ਰ ਚਮਕੌਰ
ਮੁਸਲਮਾਨਾ ਦੀ ਬਹੁਤ ਸਾਰੀ ਫੌਜ ਵਿਚ ਘੱਲ ਕੇ
ਰਵਾ ਦਿੱਤੇ ਅਪਨੇ ਪੁਤ੍ਰ ਗੁਰੂ ਗੋਬਿੰਦ ਸਿੰਘ ਜੀ ਨੇ
ਦ ਮਰਵਾਏ ਗੁਰ ਪੁਤ੍ਰਾਂ ਦੀ ਮੌਤ ਦੇ ਪਾਪ ਭਾਗੀ
ਰਾਹਿਮਣ ਨਹੀ ਖੁਦ ਗੁਰੂ ਗੋਬਿੰਦ ਸਿੰਘ ਹੈ।

ਕੀ ਗੁਰੂ ਪੁੱਤ੍ਰਾਂ ਦੀ ਬ੍ਰਾਹਿਮਣ ਰਖਯਾ ਨਹੀ ਕਰ ਸੱਕਾ

ਸਾਡੇ ਖਾਲਸਾ ਭਾਈ ਬ੍ਰਾਹਿਮਣਾਂ ਉਤੇ ਏਹ ਇੱਕ
ਾਮਖਾਹ ਵਾਧੂ ਝੂਠਾ ਢਕੋਂਸਲਾ ਜੱਦੜੀ ਜਾਂਦੇ ਹੈਨ
ਰਛੇਕ ਗੀਗੂ ਬ੍ਰਹਿਮਣ ਨੇ ਗੁਰੂ ਪੁਤ੍ਰਾਂ ਦੀ ਰਖਯਾ ਨਹੀ ਕੀ
ਮਗੀ ਸਗੋਂ ਸੂਬਾ ਸਰਹਿੰਦ ਨੂੰ ਖੁਦ ਕਹਿਕੇ ਫੜਾ ਦਿਤੇ
ਤੱਕਮਸੀ ਕਹਿਦੇ ਹੈ ਜਦੋ ਅਪਨੇ ਦੋ ਬੜੇ *ਬੇਟਿਆਂ ਦੀ ਖੁਦ
ਾਏਗੁਰੂ ਗੋਬਿੰਦ ਸਿੰਘ ਰਖਯਾ ਨਹੀ ਕਰ ਸੱਕਾ ਤਾਂ ਛੋਟੇ
ਫਾ: ਬੇਟਿਆਂ ਦੀ ਇੱਕ ਵਿਦਯਾ ਹੀਨ ਮਮੂਲੀ ਡਰਪੋਕ
ਆਂ ਸੋਈਆ ਸਸਤ੍ਰਾਂ ਤੋ ਬਗੈਰ ਬ੍ਰਾਹਿਮਣ ਕਿਸ ਤਰਾਂ ਰਖਯਾ

---

* ਜੋਰਾਵਰ ਸਿੰਘ ੧ ਫਤੇ ਸਿੰਘ ੨

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਸਕਦਾ ਸੀ ਇੱਕ ਹੋਰ ਵੀ ਗੱਲ ਹੈ ਆਦਿ ਗ੍ਰੰ
ਸਾਹਿਬ ਦੇ ਹੁਕਮ ਅਨੁਸਾਰ" ਸੁਖ ਮੈ ਬਹੁ ਸੰਗੀ ਭ
ਦੁਖ ਮੈ ਸੰਗਿਨਾਂ ਕੋਇ "ਬਨੀ ਦੇ ਵੇਲੇ ਕੌਨ ਕਿਸ
ਦਾ ਹੈ ਸਭ ਨੂੰ ਆਪੋ ਆਪਨੀ ਬਨੀ ਹੁੰਦੀ ਹੈ ਜਿਸ ਤਰ
ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਔਰੰਗਜੇਬ ਨੇ ਦਿਲ
ਵਿੱਚ ਫਾਸੀ ਦਾ ਹੁਕਮ ਦਿੱਤਾ ਹੈ ਉਸ ਵੇਲੇ ਪੰਜ ਸਿ
ਗੁਰੂ ਜੀ ਨੂੰ ਕਲਿਆ ਛੱਡ ਕੇ ਘਰ ਨੂੰ ਭੱਜ ਆਏ ਸ
ਜਿਨਾਂ ਦੀ ਪ੍ਰਥਾਇ ਗੁਰੂ ਜੀ ਨੇ ਏਹ ਸਬਦ ਆਖਿਆ

ਸੰਗ ਸਖਾ ਸਭਤ ਜਿਗਏ ਕੋ ਊਨਾਂ ਨਿਬਹਿ ਓਸਾ
ਕਹੁ ਨਾਨਕ ਏਹ ਬਿਪਤ ਮੈਟੇਕ ਏਕਰ ਘੁਨਾਬ ॥੫੫॥
ਦੂਜੇ ਵੇਖੋ ਸੂਰਜ ਪ੍ਰਕਾਸ ਜਿਲਦ ੩ ਐਨ ਅੰਸੂ ੯

ਸਕਲ ਦੇਸ ਮਿਲ ਕਰਕ ਹਯੋਲ ਰਹਿ ਤੁਰਕ
ਸੰਗ। ਨਹਿ ਸਿਖੀ ਹਮ ਤੇ ਨਿਬਹਿ ਤੋਂ ਲਿਖ ਦੇ ਹੁ
ਸੰਗ। ਤੁ ਮਕੋ ਸਿਖ ਕਰ ਕਿਆ ਹਮ ਲੈ ਹੈਂ। ਪਰੇ ਕਾਜ
ਬਦਗਾਕ ਮੈਹੇ ਅਬ ਲਿਖ ਦਿਓ ਤੁਮ ਹਮ ਸਿਖ ਨਾਹੀ
ਚਲੇ ਜਾਹੁ ਨਿਜ ਦੇ ਸਨ ਮਾਂਹੀਂ। ਇਮ ਬਿਚਾਰ ਕ
ਲਿਖਓ ਬਿਦਾਵਾ। ਗੁਰ ਲਿਖਾਇ ਜੇਬ ਹਿਮਹਿ ਪਾਵ
ਸਭ ਮਾਝਾ ਸਿਖੀ ਤੇ ਖਾਰਜ। ਲਿਖਦੀ ਨੋਧਰਤ੍ਰਾਸ
ਅਨਾਰਜ।

ਭਾਵ—ਜਦੋ ਮਾਝੇ ਦੇ ਸਿਖ ਤੁਰਕਾਂ ਨਾਲ ਜੁੱਧ
ਕਰਦੇ ਬਹੁਤ ਦੁਖੀ ਹੋ ਗਏ ਤਾਂ ਸਾਰੇ ਮਾਝੇ ਨਿਵਾਸੀ
ਸਿਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਆਕਿਹਾ ਮਹਾ
ਰਾਜ ਨਾਂ ਤਾਂ ਸਾਥੋਂ ਤੁਰਕਾਂ ਨਾਲ ਜੁਧ ਹੁੰਦਾ ਹੈ ਤੇ ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਹਾਡੀ ਸਿਖੀ ਸਾਥੋ ਨਿਬਦੀ ਹੈ ਤਾਂ ਗੁਰੂ ਜੀ ਕਿਹਾ ਤੁਹਾ ਨੂੰ ਸਿਖ ਬਨਾਕੇ ਅਸੀਂ ਕੀ ਲੈਣਾਂ ਹੈ ਜੇਹੜੇ ਬਨੀ ਦੇ ਵੇਲੇ ਨੱਸੇ ਜਾਂਦੇ ਹੋ ਤੁਸੀ ਲਿਖ ਦਿਓ ਅਸੀ ਸਿਖ ਨਹੀ ਤਾਂ ਮਾਝੇ ਦੇ ਸਾਰੇ ਸਿਖਾਂ ਨੇ ਗੁਰੂ ਜੀ ਨੂ ਬਿਦਾਵਾ ਲਿਖ ਦਿੱਤਾ ਗੁਰੂ ਜੀ ਨੇ ਸਾਰੇ ਮਾਝੇ ਨੂੰ ਸਿਖੀ ਤੋ ਖਾਰਜ ਕਰ ਦਿਤਾ

ਨੋਟ—ਕਯੋ ਖਾਲਸਾ ਜੀ ਵੇਖੀ ਗੁਰੂ ਸਿਖੀ ਏਹ ਹੈ ਸਿਖਾਂ ਦੀ ਸਿਖੀ ਜੇਹੜੇ ਬਨੀ ਦੇ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਇਕ ਲਿਆਂ ਛੱਡ ਕੇ ਭੱਜ ਆਏ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਤੁਰਕਾਂ ਨਾਲ ਜੁੱਧ ਕਰਨ ਤੋਂ ਡਰਦਿਆ ਮਾਝੇ ਦੇ ਸਿਖਾਂ ਨੇ ਬਿਦਾਵਾ ਲਿਖ ਆਤੇ ਮਗਰ ਪਏ ਹੋ ਇਕ ਇੱਕਲੇ ਗੰਗੂ ਬ੍ਰਹਿਮਣ ਦੇ ਜਰਾ ਅਪਨੀ ਮੰਜੀ ਹੇਠ ਵੀ ਸੋਟਾ ਫੇਰਕੇ ਦੇਖ ਲਓ ਦਾਈ ਤੋ ਪੇਟ ਲਕ ਉਨ ਵਾਲੀ ਗੱਲ ਨਾਂ ਕਰੋ।

ਕੀ ਇੱਕ ਗੰਗੂ ਦੇ ਕਸੂਰ ਪਰ ਸਾਰੇ ਬ੍ਰਹਿਮਣ ਕਸੂਰ ਵਾਰ ਹਨ।

ਜੇ ਏਹ "ਦੁਰਜਨ ਤੋਖ ਨਿਆਇਸੇ" ਸੱਚ ਵੀ ਮੰਨ ਲੀਤਾ ਜਾਏ ਕਿ ਗੁਰੂ ਪੁਤ੍ਰ ਗੰਗੂ ਬ੍ਰਹਿਮਣ ਨੇ ਮਰਵਾਏ ਤਾਂ ਗ੍ਰੰਥ ਸਾਹਿਬ ਦੇ ਕਥਨ ਅਨੁਸਾਰ। ਅਹਿ ਕਰਕ ਰੇਸੋ ਅਹਿਕਾਰ ਪਾਏ। ਕੋਈ ਨਾਂ ਪਕੜੀਏ ਕਿਸਕੀ ਥਾਏ। ਓਹੀ ਗੰਗ ਰਾਂਮ ਇਕਲਾ ਪਾਪ ਦਾ ਭਾਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਵੇਗਾ ਸਾਰੇ ਬ੍ਰਹਿਮਣ ਨਹੀ ਏਹ ਤਾਂ ਗਵਰਮਿੰਟ ਦਾ ਭੀ ਕਾਨੂਨ ਹੈ ਕਿ ਪਿਤਾ ਦੇ ਜੁਲਮ ਕਰਨ ਪਰ ਪੁਤ੍ਰ ਸਜਾਵਾਰ ਨਹੀ ਹੋ ਸਕਦਾ ਪੁਤ੍ਰ ਦੇ ਜੁਲਮ ਕਰਨ ਪਰ ਪਿਤਾ ਸਜਾਵਾਰ ਨਹੀ ਹੋਸਕਦਾ ਫੇਰ ਸਾਨੂੰ ਪਤਾ ਨਹੀ ਲਗਦਾ ਕਿ ਖਾਲਸਾ ਭਾਈਆਂ ਦੇ ਘਰ ਦਾ ਏਹ ਕੇਹੜਾ ਸਿਖਾਸ਼ਾ ਹੀਨਵਾਂਕ'ਨੂਨ ਹੈ ਜਿਸਦੇ ਅਨੁਸਾਰ ਇਕ ਗੰਗੂ ਬ੍ਰਹਿਮਣ ਦੇ ਕਸੂਰ ਪਰ ਸਾਰੇ ਹੀ ਬ੍ਰਹਿਮਣ ਕਸੂਰਵਾਰ ਹੋ ਸਕਦੇ ਹਨ ਸਾਨੂੰ ਕੀ ਖਬਰ ਹੈ ਓਹ ਗੌੜ ਦਰਾਵਿੜ ਸਾਰ ਸੁਤਕਾਨਕੁ ਬਜ ਮੈ ਥਲ ਆਦਿ ਏਨਾਂ ਦਸ ਪ੍ਰਕਾਰ ਦੇ ਬ੍ਰਹਿਮਣਾਂ ਵਿਚੋ ਕੌਨ ਬ੍ਰਾਹਿਮਣ ਸੀ ਜੇ ਇਸੀ ਬੇ ਇਨਸਾਫੀ ਸੇ ਕਿ ਇਕ

ਗੰਗੂ ਬ੍ਰਹਿਮਣ ਦੇ ਕਸੂਰ ਪਰ ਸਾਰੇ ਬ੍ਰਹਿਮਣ ਕਸੂਰ ਵਾਰ ਹਨ ਇਸਨੂੰ ਇਨਸਾਫ ਸਮਝਦੇ ਹੋਂ ਤਾਂ ਇਸਦਾ ਡਾਢਾ ਚੰਗਾ ਇਲਾਜ ਮੈ ਤੁਹਾਨੂੰ ਦੱਸਦਾ ਹਾਂ ਤੁਸੀ ਭਾਵੇਂ ਕਰਕੇ ਦੇਖ ਲਓ ਅਜੇ ਥੋੜ੍ਹੇ ਹੀ ਦਿਨ ਹੋਇ ਹਨ ਕਿ ਲਾਹੌਰ ਦਾ ਪ੍ਰਸਿੱਧ ਰਾਜਾ ਮਹਾਰਾਜਾ ਰਣਜੀਤਸਿੰਘ ਜੇਹੜਾ ਇਕ ਪੱਕਾ ਸਿੱਖ ਸੀ ਉਸਦੀ ਇਸਤ੍ਰੀ ਮਹਾਂ ਰਾਣੀ ਚੰਦਕੌਰ ਨੇ ਸਿੱਖਾਂ ਦੀ ਫੌਜ ਨੂੰ ਬਰੂਦ ਦੇ ਬਦਲੇ ਸਰੋਂ ਰੰਗਕੇ ਦੇ ਦੇ ਸਾਰੀ ਸਿਖ ਫੌਜ ਦਾ ਨਾਸ ਕਰਾ ਦਿੱਤਾ ਸੀ ਜੇ ਇੱਕ ਰਾਣੀ ਚੰਦ ਕੌਰ ਦੇ ਇਸ ਕਸੂਰ ਪਰ ਸਾਰੇ ਸਿਖ ਅਪਣੀਆਂ ਸਿੰਘਣੀਆਂ ਨੂੰ ਘਰੋਂ ਕਢ ਦੇਣ ਫੇਰ ਤਾਂ ਬ੍ਰਹਿਮਣਾਂ ਨੂ ਵੀ ਕਸੂਰ ਵਾਰ ਮੰਨ ਲੀਤਾ ਜਾਵੇ ਜੇ ਏਹ ਨਹੀ ਤਾਂ ਓਹਵੀ ਨਹੀ ਔਰ ਮਾਝੇ ਦੇ ਸਿਖਾਂ ਨੇ ਦਸਮ ਗੁਰੂ ਨੂੰ ਲਾਵਾਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖ ਦਿੱਤਾ ਸੀ ਇਸ ਥੀਂ ਮਾਝੇ ਦੇ ਸਾਰੇ ਸਿਖਾਂ ਨੂੰ ਔਰ ਗੁਰੂ ਨਾਨਕ ਦੇਵ ਜੀ ਦੇ ਪੁੱਤ੍ਰਾਂ ਨੇ ਗੁਰੂ ਜੀਦੀ ਆਗਜ਼ਾ ਨਹੀ ਮੰਨੀ ਇਸ ਥੀਂ ਸਾਰੇ ਬੇਦੀਆਂ ਨੂੰ ਔਰ ਪ੍ਰਥੀਆਂ ਗੁਰੂ ਅਰਜਨ ਦੇਵ ਨਾਲ ਵੈਰ ਰੱਖ ਦਾ ਸੀ ਇਸ ਥੀਂ ਉਸ ਦੀ ਸਾਰੀ ਜਾਤੀ ਨੂੰ ਔਰ ਗੁਰੂ ਗੋਬਿੰਦ ਸਿੰਘ ਨੇ ਅਪਨੇ ਦੋ ਪੁਤ੍ਰ ਚਮਕੌਰ ਦੇ ਮੁਸਲਮਾਨਾਂ ਦੀ ਫੌਜ ਵਿੱਚ ਘੱਲਕੇ ਖ਼ੁਦ ਮਰਵਾ ਦਿੱਤੇ ਸੀ ਇਸ ਥੀਂ ਦਸਮ ਗੁਰੂ ਨੂੰ ਵੀ ਛੱਡੋ ਔਰ ਅਸੀਂ ਅਪਨੇ ਖਾਲਸਾ ਭਾਈਆਂ ਨੂੰ ਪੁਛਾਂ ਗੇ ਬੀ ਇੱਕ ਗੰਗੂ ਬ੍ਰਿਹਮਣ ਦੇ ਕਸੂਰ ਕਰਨ ਪਰ ਸਾਰੇ ਹੀ ਬ੍ਰਿਹਮਣਾਂ ਨੂੰ ਛੱਡਨ ਵਾਲਿਓ ਤੁਹਾਡੇ ਪੱਲੇ ਕੀ ਰਿਹਾ ਛੀ—ਛੀ—ਛੀ—"ਜਾਦੂ ਓਹ ਜੋ ਸਿਰਚੜ੍ਹ ਬੋਲੇ"

ਅੰਤਿਮ ਪ੍ਰਾਰਥਨਾਂ

ਸੱਜਨ ਜਨੋਂ ! ਤੁਹਾਨੂੰ ਉਪ੍ਰੋਕਤ ਪ੍ਰਬਲ ਪ੍ਰਮਾਣੋਂ ਔਰ ਜਬਰਦਸਤ ਯੁਕਤੀਓਂ ਸੇ ਠੀਕ ੨ ਪਤਾ ਲੱਗ ਗਿਆ ਹੋਵੇਗਾ ਕਿ ਗੁਰੂ ਪੁਤ੍ਰ ਬ੍ਰਿਹਮਣਾਂ ਨੇ ਨਹੀ ਮਰਵਾਏ ਜੋ ਨਵੀਨ ਸਿੰਘ ਅਪਨੀ ਹਠ ਧਰਮੀ ਸੇ ਗੁਰੂ ਪੁੱਤ੍ਰ ਮਰਉਣ ਦਾ ਬ੍ਰਿਹਮਣਾਂ ਉੱਤੇ ਝੂਠਾ ਕਲੰਕ ਲਗਉਂਦੇ ਹਨ ਓਹ ਪਾਪੀ ਓਰ ਝੂਠੇ ਹਨ ਵਰਨਾ ਖਾਲਸਾ ਭਾਈਆਂ ਦੇ ਉਪ੍ਰੋਕਤ ਧਰਮ ਗ੍ਰੰਥ ਝੂਠੇ ਸਿੱਧ ਹੋਨਗੇ ਜਿਨਾਂਵਿਚ ਗੁਰੂ ਪੁਤ੍ਰ ਗੁਰੂਆਗਯਾਸੇ ਮ੍ਰਿਤ੍ਹੋਨੇ ਲਿਖੇਹਨ ਹੁਣਅਸੀਂ ਧਰਮ ਮੂਰਤੀ ਧਰਮਬੀਰ ਕਲਗੀ ਧਰਦ ਸਮੇ ਪਾਤਸ਼ਾਹ ਸ੍ਰੀਗੁਰੂ ਗੋਬਿੰਦ ਸਿੰਘਜੀ ਦੀ ਸੇਵਾ ਵਿਚ ਏਹ ਅੰਤਿਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਾਰਥਨਾਕਰਦੇਹਾਂ ਕਿ ਗੁਰੂਜੀ ਆਪਨੇਹੀ ਅਪਨੇ ਚਾ
ਪੁੱਤ੍ਰ ਪਹਿਲਾਂ ਦੇਵੀਮਾਤਾ ਦੀ ਭੇਟਾਕੀਤੇ ਦੂਜੇ ਚਮਕੌਰ
ਮੁਸਲਮਾਨਾਂਦੀ ਫੌਜ ਵਿਚ ਭੇਜਕੇ ਮਰਵਾਦਿੱਤੇ ਤੀ
ਅਪਨੇ ਪਹਿਲੇ ਰੂਪ ਗੁਰੂ ਨਾਨਕ ਦੇਵਜੀਦੇ ਵਕਤ ਸ
ਮੁਠੀ ਭੰਗਦੇ ਬਦਲੇ ਅਪਨੇ ਚਾਰੋਂ ਪੁਤ੍ਰਾਂ ਸੋਹਤ ਸ
ਸ਼ਿਰਅਯਾਲੀ ਨੂੰ ਦੇਨੇ ਕੀਤੇ ਹੁਣ ਏਹ ਤੁਹਾਡੇ ਖੁ
ਗਰਜ ਔਰ ਪੇਟ ਪਾਲੂ ਸਿਖ ਗੁਰੂ ਪੁਤ੍ਰ ਮਰਉਣ ਦਾ ਬ
ਹਿਮਣਾ ਉਤੇ ਝੂਠਾ ਕਲੰਕ ਲਗਾ ਰਹੇ ਹਨ ਤੁਸੀ
ਅਪਨੇ ਕੁਟੰਬ ਸਹਿਤ ਬ੍ਰਹਿਮਣਾਂਦੀ ਰਖਯਾ ਵਾਸਤੇਧਰ
ਪਰ ਕੁਰਬਾਨੀਕੀਤੀ ਔਰਦਸਮਗ੍ਰੰਥ ਤ੍ਰਿਯਾਚ ਰਿਤ੍ਰ
ਵਿੱਚ ਰੂਪ ਕੌਰ ਨਾਲ ਏਹਨਿਯਮ ਕੀਤਾ ਕਿ ਮੈਂ "ਵੁਜਨ
ਯਹੁਦਾਨ ਦੁਰਜਨ ਹੋਵਿਸਟਦਿ ਖੇਅਹੁ" ਬ੍ਰਾਹਿਮਣਾਂ
ਦਾਨ ਦੇਊਂਗਾ ਔਰ ਦੂਸਰਾਂਨੂੰ ਤ੍ਰਾੜਨਾ ਦੀਨਗਾ ਨਾ
ਦੇ ਖੂੰਗਾ ਏਹ ਤੁਹਾਡੇ ਸ਼ਿਖਹਨ ਜਾਂਦੂ ਸ਼ਮਨਜੋ ਤੁਹਾ
ਦੇਖੋ ਜਾਰਹੇ ਹਨ ਗੁਰੂਜੀ ਆਸ਼ਾਹੈ ਕਿ ਆਪ ਅਪ
ਇਨ ਵਿਰੋਧੀ ਸਿਖਾਂਨੂੰ ਆਕੇ ਛੇਤੀ ਸ਼ਹੂਰ ਦਿਓਗੇ ਔ
ਦੇਸ਼ ਹਿਤ ਕਰਨਦੀ ਸੱਚੀ ਸਿਖਯਾ ਦੇਕੇਬ੍ਰਹਿਮਣਕੌਮ
ਸੱਚੇ ਹਿਤੈਸੀ ਬਨਾਓਗੇ

ਤੁਹਾਡਾ! ਪ੍ਰੇਮ ਭਰਾ ਲਾਡਲਾ

ਵਹੀ

ਮੁਨਸ਼ੀ ਰਾਮ ਸ਼ਰਮਾ

ਕੌਣੀ ਨਿਵਾਸੀ

ਪੰਡਿਤ ਕਰਨ ਰਾਜਾਰ ਮ

CC-0. In Public Domain. Gurukul Kangri Collection, Haridwar

34549

Digitized by Arya Samaj Foundation Chennai and eGangotri

BICHAR PARKASH

A TRACT FOR SIKHS.

ਬਿਚਾਰ ਪ੍ਰਕਾਸ਼

ਅਰਥਾਤ

ਸਿੱਖਾਂ ਦੇ ਲਈ ਗੁਟਕਾ

ਪੰਜਾਬ ਰੇਲੀਜਸ ਬੁਕ ਸੁਸਾਇਟੀ

ਅਨਾਰਕਲੀ ਲਾਹੌਰ।

ਸੰਨ ੧੯੦੫ ਈ:

2nd Edition. 2,000 Copies. P. R. B. S., LAHORE. Price 1 anna.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਚਾਰ ਪ੍ਰਕਾਸ਼

ਸ਼੍ਰੀ ਸਤਯ ਗੁਰ ਪ੍ਰਤਾਪ

ਸਾਰੀਆਂ ਬਾਤਾਂ ਨੂੰ ਪਰਖੋ ਅੱਛੀ ਨੂੰ ਅੰਗੀਕਾਰ ਕਰੋ

ਸਤਯ ਗ੍ਰੰਥ ਇੰਜੀਲ ਦਾ ਵਾਕਿ

ਇਸ ਗੁਟਕੇ ਵਿਖੇ ਸਿੱਖਾਂ ਤੇ ਸਿੰਘਾਂ ਦੇ ਗ੍ਰੰਥਾਂ ਦੀ ਭਲੀ ਪ੍ਰਕਾਰ ਤੋਂ ਬਿਚਾਰ ਕੀਤੀ ਜਾਏਗੀ ਔਰ ਕੋਈ ਕੋਈ ਵਾਕਿ ਸਤਯ ਗ੍ਰੰਥ ਇੰਜੀਲ ਦਾ ਭੀ ਲਿਖਿਆ ਜਾਏਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਪਹਿਲਾ ਪ੍ਰਸੰਗ

ਇਸ ਪ੍ਰਸੰਗ ਵਿਖੇ ਗੁਰੂ ਗੋਬਿੰਦ ਸਿੰਘ ਦੇ ਮੁਖ ਵਾਕਿ ਥੋਂ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਂਣਾ ਤੇ ਉਸ ਤੋਂ ਸਹਾਇਤਾ ਪਾਉਂਣਾ ਪ੍ਰਗਟ ਕੀਤਾ ਜਾਏਗਾ ਮਗਰੋਂ ਗੁਰੂ ਗੋਬਿੰਦ ਸਿੰਘ ਦਾ ਨਿਜ ਪ੍ਰਕਾਰ ਤੋਂ ਦੇਵੀ ਦੇ ਅੱਗੇ ਹਮਨ ਕਰਵਾਉਣਾ ਅਤੇ ਉਸ ਦੀ ਪੂਜਾ ਤੇ ਉਸਤਤਿ ਕਰਨੀ ਭਲੀ ਪ੍ਰਕਾਰ ਤੋਂ ਪ੍ਰਗਟ ਕੀਤੀ ਜਾਏਗੀ ॥

ਦੂਜਾ ਪ੍ਰਸੰਗ

ਇਸ ਪ੍ਰਸੰਗ ਵਿੱਚ ਗ੍ਰੰਥਾਂ ਦੇ ਵਾਕਾਂ ਵਿਖੇ ਉਹ ਅਸਲੀ ਬਿਰੁੱਧਤਾਈ ਜਿਸ ਤੋਂ ਗ੍ਰੰਥ ਈਸ਼੍ਵਰ ਸੱਤਜ ਵਕਤਾ ਦੇ ਵਾਕਿ ਨਹੀਂ ਹੋ ਸੱਕਦੇ ਏਹ ਭਲੀ ਪ੍ਰਕਾਰ ਤੋਂ ਪ੍ਰਗਟ ਕੀਤੀ ਜਾਏਗੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਪ੍ਰਸੰਗ

ਇਸ ਪ੍ਰਸੰਗ ਮੈਂ ਗ੍ਰੰਥਾਂ ਵਿਖੇ ਲੇਖ ਅਰਥਾਤ ਤਕ-ਦੀਰ ਦਾ ਉਪਦੇਸ਼ ਵਿਖਾ ਕੇ ਉਸ ਦਾ ਚੰਗੀ ਤਰਾਂ ਨਾਲ ਖੰਡਨ ਕੀਤਾ ਜਾਏਗਾ ॥

ਚੌਥਾ ਪ੍ਰਸੰਗ

ਇਸ ਪ੍ਰਸੰਗ ਵਿੱਚ ਗ੍ਰੰਥਾਂ ਦੇ ਜੂਨ ਉਪਦੇਸ਼ ਦੀ ਬਹੁਤ ਅੱਛੀ ਤਰਾਂ ਨਾਲ ਬਿਚਾਰ ਕੀਤੀ ਜਾਏਗੀ ॥

ਪੰਜਵਾਂ ਪ੍ਰਸੰਗ

ਇਸ ਪ੍ਰਸੰਗ ਮੈਂ ਗ੍ਰੰਥਾਂ ਥੋਂ ਇਹ ਪਰਗਟ ਕੀਤਾ ਜਾਏਗਾ ਕਿ ਸਾਰੇ ਮਨੁੱਖ ਅਤਿ ਪਾਪੀ ਹੈਨ ਅਰ ਪਾਪੀ ਨਰਕ ਡੰਡ ਬੇਅੰਤਿ ਪਾਉਣਗੇ ॥

ਛੇਵਾਂ ਪ੍ਰਸੰਗ

ਇਸ ਪ੍ਰਸੰਗ ਵਿੱਚ ਗ੍ਰੰਥਾਂ ਥੋਂ ਇਹ ਚੰਗੀ ਤਰਾਂ ਨਾਲ ਵਿਖਾਇਆ ਜਾਏਗਾ ਕਿ ਕੱਚੇ ਗੁਰੂ ਬਹੁਤ ਹੈਨ ਜਿਨਾਂ ਤੋਂ ਮੁਕਤਿ ਪ੍ਰਾਪਤ ਨਹੀਂ ਹੋ ਸੱਕਦੀ ਪਰ ਸਤ੍ਯ ਗੁਰ ਸੂਰਜ ਸਮਾਨ ਇੱਕੋ ਹੈ ਜਿਸ ਥੋਂ ਸੱਤ੍ਯ ਗ੍ਯਾਨ ਤੇ ਮੁਕਤਿ ਪ੍ਰਾਪਤ ਹੋ ਸੱਕਦੀ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਵਾਂਪ੍ਰਸੰਗ

ਇਸ ਪ੍ਰਸੰਗ ਮੇਂ ਗ੍ਰੰਥਾਂ ਵਿਖੇ ਵੇਦਾਂਤ ਉਪਦੇਸ਼ ਵਿਖਾਇਆ ਜਾਏਗਾ ਜਿਸਥੋਂ ਇਹ ਪ੍ਰਗਟ ਤੇ ਸਾਬਿਤ ਹੁੰਦਾ ਹੈ ਕਿ ਸਿੱਖਾਂ ਤੇ ਸਿੰਘਾਂ ਦੇ ਗੁਰੂ ਵੇਦਾਂਤੀ ਸਨ ॥ ਬਿਚਾਰਪ੍ਰਕਾਸ਼ ਦੇ ਅੰਤ ਮੇਂ ਖਾਲਸਾ ਪੱਦ ਦਾ ਬਯਾਨਹੈ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਕਾ

ਪ੍ਰਗਟ ਹੋ ਕਿ ਇਸ ਗੁਟਕੇ ਦੇ ਲਿਖਣ ਦਾ ਕਾਰਨ ਇਹ ਹੈ ਕਿ ਸਾਡੇ ਮਨ ਵਿਖੇ ਸੁਤੇ ਹੀ ਇਹ ਫੁਰਿਆ ਕਿ ਹਿੰਦੂਆਂ ਤੇ ਮੁਸਲਮਾਨਾਂ ਦੇ ਲਈ ਤਾਂ ਬਹੁਤ ਕੁਛ ਲਿਖਿਆ ਗਿਆ ਹੈ ਪਰੰਤੂ ਪਿਆਰੇ ਸਿੱਖਾਂ ਤੇ ਸਿੰਘਾਂ ਦੇ ਲਈ ਹੁਣ ਤੀਕ ਕੁਛ ਨਹੀਂ ਲਿਖਿਆ ਗਿਆ ਹੈ। ਇਸ ਵਾਸਤੇ ਇਹ ਬਹੁਤ ਹੀ ਮੁਨਾਸਬ ਔਰ ਜ਼ਰੂਰੀ ਸਮਝਿਆ ਗਿਆ ਕਿ ਸਿੱਖਾਂ ਤੇ ਸਿੰਘਾਂ ਦੇ ਵਾਸਤੇ ਭੀ ਕੁਝ ਅਵਸ਼ਿ ਤੇ ਜ਼ਰੂਰ ਹੀ ਲਿਖਨਾ ਚਾਹੀਦਾ ਹੈ। ਬਸ ਪਰਮੇਸ਼੍ਵਰ ਦੀ ਸਹਾਇਤਾ ਨਾਲ ਪਖਬਾਦ ਨੂੰ ਤਯਾਗ ਕੇ ਵਡੇ ਪ੍ਰੇਮ ਤੇ ਪ੍ਰੀਤ ਦੇ ਨਾਲ ਇਹ ਗੁਟਕਾ ਲਿਖਿਆ ਗਿਆ ਹੈ ॥

ਹੁਣ ਪਿਆਰੇ ਸਿੱਖਾਂ ਤੇ ਸਿੰਘਾਂ ਨੂੰ ਚਾਹੀਦਾ ਹੈ ਕਿ ਪਖਬਾਦ ਤੇ ਵੈਰ ਬਿਰੋਧ ਨੂੰ ਛੱਡ ਕੇ ਇਸ ਗੁਟਕੇ ਨੂੰ ਵਡੇ ਧਿਆਨ ਤੇ ਨਿਆਓਂ ਅਰ ਇਨਸਾਫ ਨਾਲ ਪੜ੍ਹਨ ਔਰ ਭਲੀ ਪ੍ਰਕਾਰ ਤੋਂ ਸੋਚ ਬਿਚਾਰ ਕਰਕੇ ਸਤਯ ਪੰਥ ਨੂੰ ਗ੍ਰਹਿਨ ਤੇ ਅੰਗੀਕਾਰ ਕਰਨ ਤਾਂ ਕਿ ਲੋਕ ਸੁਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਲੋਕ ਸੁਹੇਲੇ ਹੋ ਜਾਣ; ਕਿਉਂਕਿ ਪ੍ਰਤਖਯ ਮੇਂ ਪ੍ਰਮਾਨ ਨਹੀਂ ਕਿ ਮਾਤਾ ਪਿਤਾ ਤੋਂ ਜਨਮ ਪ੍ਰਾਪਤਿ ਹੁੰਦਾ ਹੈ ਧਰਮ ਕਰਮ ਪ੍ਰਾਪਤਿ ਨਹੀਂ ਹੁੰਦਾ ਇਸ ਲਈ ਹਰ ਮਨੁਖ ਨੂੰ ਚਾਹੀਦਾ ਹੈ ਕਿ ਆਪ ਹੀ ਖੂਬ ਸੋਚ ਬਿਚਾਰ ਕੇ ਔਰ ਸਤਯ ਤੇ ਅਸਤਯ ਦਾ ਨਿਰਣਾ ਕਰਕੇ ਈਸ਼੍ਵਰੀ ਸਤਯ ਧਰਮ ਕਰਮ ਨੂੰ ਅੰਗੀਕਾਰ ਤੇ ਗ੍ਰਹਿਣ ਕਰੇ ਨਹੀਂ ਤਾਂ ਅੰਤਿ ਨੂੰ ਪਛੋਤਾਵੇਗਾ ਫੇਰ ਕੁਛ ਹੱਥ ਨਾ ਆਵੇਗਾ। ਕਿਉਂਕਿ ਮਨੁੱਖ ਨੂੰ ਕੀ ਲਾਭ ਜੇਕਰ ਸਾਰਾ ਜਗਤ ਪ੍ਰਾਪਤ ਕਰੇ ਅਰ ਆਪਨੀ ਜਿੰਦ ਖੋਵੇ ਫੇਰ ਮਨੁੱਖ ਆਪਨੀ ਜਿੰਦ ਦੇ ਬਦਲੇ ਕੀ ਦੇਗਾ ॥ ਮੱਤੀ ਦਾ ੧੬ ਕਾਂਡ ੨੬ ਤੁਕ ॥

ਗ੍ਰੰਥਵਾਕਿ

ਆਵਨ ਆਏ ਸਰਿਸ਼ਟ ਮਹਿ ਬਿਨ ਬੂਝੇ ਪਸ ਢੋਰ ।
ਨਾਨਕ ਗੁਰਮੁਖਿ ਸੋ ਬੁਝੈ ਜਾਂ ਕੈ ਭਾਗ ਮਥੋਰ ॥

ਦਸਮ ਗ੍ਰੰਥ–ਕਬਿੱਤ

ਡੂਬੇ ਨਰਕ ਧਾਰ ਮੂੜ੍ਹ ਗਿਆਨ ਕੇ ਬਿਨਾ ਬਿਚਾਰ
ਭਾਵਨਾ ਬਹੀਨ ਕੈਸੇ ਗਿਆਨ ਕੋ ਬਿਚਾਰ ਹੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੰਡਲੀਆ

ਬਿਨਾ ਬਿਚਾਰੇ ਜੋ ਕਰੇ ਸੋ ਪਾਛੇ ਪਛਤਾਇ ।
ਕਾਮ ਬਿਗਾਰੇ ਆਪਣਾ ਜਗ ਮੇਂ ਹੋਤ ਹੰਸਾਇ ॥
ਜਗ ਮੇਂ ਹੋਤ ਹੰਸਾਇ ਚਿੱਤ ਮੇਂ ਚੈਨ ਨਾ ਪਾਵੇ ।
ਖਾਨ ਪਾਨ ਸਨਮਾਨ ਰਾਗ ਰੰਗ ਮਨਹਿ ਨ ਭਾਵੇ॥
ਕਹਿ ਗਿਰਧਰ ਕਵਿ ਰਾਇ ਦੁਖ ਕੁਛ ਟਰਤ ਨ ਟਾਰੇ ।
ਖਟਕਤ ਹੈ ਜੀਆ ਮਾਹਿ ਕੀਓ ਜੋ ਬਿਨਾ ਬਿਚਾਰੇ ॥

ਸਵੈਯਾ

ਜਪ ਜੋਗ ਕਰੇ ਤਨ ਸਾਧ ਮਰੇ ਨਰ ਕੋਟ ਉਪਾਇ ਰਚੇ ਭਰਮਾਏ। ਸ੍ਰਤਿਚਾਰ ਪੁਰਾਨ ਕੁਰਾਨ ਪੜ੍ਹੇ ਨਹਿ ਭੇਦ ਮਿਲੇ ਤਨ ਝੂਠ ਸਤਾਏ ॥ ਗੁਰ ਪੰਡਤ ਪੀਰ ਫਕੀਰ ਫਿਰੇ ਬਹੁ ਭਾਂਤਿ ਕਰੂਪ ਬਿਰੂਪ ਬਨਾਏ। ਨਹਿ ਗਜ਼ਾਨ ਲਹੇ ਸਤ ਜਾਨ ਕਹੇ ਜੜ੍ਹ ਜੌਂਲਗ ਯਿਸ਼ੂ ਨ ਦੇਹਿ ਸਿਖਾਏ ॥ ਚੌਪਈ ॥ ਅੰਧ ਬੁਧਿ ਕੋ ਕਰਤ ਪ੍ਰਕਾਸ਼ੀ । ਸਤਿਗੁਰੁ ਹੈ ਈਸਾ ਸੁਖਰਾਸੀ ॥

ਸੋ ਅਕਾਲ ਪੁਰਖ ਪਰਮੇਸ਼੍ਵਰ ਦਯਾ ਕਰਕੇ ਇਸ ਗੁਟਕੇ ਦੇ ਪੜ੍ਹਨ ਵਾਲਿਆਂ ਨੂੰ ਆਪਨਾ ਸਤਜ ਗਜ਼ਾਨ ਤੇ ਨਿਸ਼ਚਾ ਦਾਨ ਕਰੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਾਵਤ ਮੇਂ ਬਾਤ ਹੈ ਯਿਹ ਲਾਸਾਨੀ ॥ ਦੂਧ ਕਾ ਦੂਧ ਪਾਨੀ ਕਾ ਪਾਨੀ ।

ਪਹਿਲਾ ਪ੍ਰਸੰਗ

ਇਸ ਪ੍ਰਸੰਗ ਵਿਖੇ ਗੁਰੂ ਗੋਬਿੰਦਸਿੰਘ ਦੇ ਮੁਖਵਾਕਿ ਥੋਂ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਂਣਾ ਔਰ ਉਸ ਥੋਂ ਸਹਾਇਤਾ ਪਾਉਂਣਾ ਪਰਗਟ ਕੀਤਾ ਜਾਏਗਾ ਮਗਰੋਂ ਗੁਰੂ ਗੋਬਿੰਦ ਸਿੰਘ ਦਾ ਨਿਜ ਪ੍ਰਕਾਰ ਤੋਂ ਦੇਵੀ ਦੇ ਅੱਗੇ ਹਮਨ ਕਰਵਾਉਣਾ ਅਤੇ ਉਸ ਦੀ ਪੂਜਾ ਤੇ ਉਸਤਤਿ ਕਰਨੀ ਭਲੀ ਪ੍ਰਕਾਰ ਤੋਂ ਪ੍ਰਗਟ ਕੀਤੀ ਜਾਏਗੀ ॥

ਪ੍ਰਗਟ ਹੋ ਕਿ ਗੁਰੂ ਗੋਬਿੰਦ ਸਿੰਘ ਹੇਠਲੀ ਪਉੜੀ ਵਿੱਚ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਂਣਾ ਅਰ ਉਸ ਥੋਂ ਸਹਾਇਤਾ ਪਾਉਣਾ ਖੁੱਲੇ ਪਦੋਂ ਮੇਂ ਲਿਖਦੇ ਹੈਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰ ਸ੍ਰੀਭਗਉਤੀ ਜੀਕੀ ਪਾਤਸ਼ਾਹੀ ੧੦

ਪਉੜੀ ॥ ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ ॥ ਅਰਜਨ ਹਰਿ ਗੋਬਿੰਦ ਨੋਂ ਸਿਮਰਉ ਸ੍ਰੀ ਹਰਿ ਰਾਇ। ਸ੍ਰੀਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ ॥ ਗੁਰ ਤੇਗ ਬਹਾਦੁਰ ਸਿਮਰੀਐ ਘਰਿ ਨਉ ਨਿਧ ਆਵੈ ਧਾਇ । ਸਭ ਥਾਂਈਂ ਹੋਇ ਸਹਾਇ ॥ ੧ ॥

ਪ੍ਰਗਟ ਹੋ ਕਿ ਆਦ ਗ੍ਰੰਥ ਦੇ ਕੋਸ਼ (ਲੁਗਤ) ਮੇਂ ਹੈ ਕਿ ਭਗਉਤੀ ਦੀ ਸੰਸਕ੍ਰਿਤ ਭਗਵਤੀ ਇਸਤ੍ਰੀ ਵਾਚਕ ਹੈ ਅਰਥਾਤ ਪੂਜਾ ਯੋਗ ਆਦਰ ਯੋਗ। ਬਸ, ਭਗਉਤੀ ਅਸ਼ੁਧ ਵਾਕਿ ਹੈ॥

ਹੁਣ ਗੁਰੂ ਗੋਬਿੰਦ ਸਿੰਘ ਦੇ ਇਨ੍ਹਾਂ ਮੁਖ ਵਾਕਾਂ ਥੋਂ ਗੁਰੂ ਨਾਨਕ ਤੇ ਦੂਜੇ ਅੱਠ ਗੁਰੂਆਂ ਦਾ ਦੇਵੀ ਨੂੰ ਸਿਮਰ ਕੇ ਧਿਆਉਂਣਾ ਔਰ ਉਸਥੋਂ ਸਹਾਇਤਾ ਪਾਉਂਣਾ ਭਲੀ ਪ੍ਰਕਾਰ ਭੋਂ ਪ੍ਰਗਟ ਤੇ ਸਿੱਧ ਹੁੰਦਾ ਹੈ ਇਸ ਵਾਸਤੇ ਹੋਰ ਕਿਸੇ ਪ੍ਰਮਾਨ ਦੇ ਲਿਆਉਂਣ ਦੀ ਕੁਛ ਲੋੜ ਤੇ ਜ਼ਰੂਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਮੁਖ ਵਾਕਿ ਸਭਨਾਂ ਸਿੱਖਾਂ ਤੇ ਸਿੰਘਾਂ ਵਿੱਚ ਵਡੇ ਪ੍ਰਮਾਨਿਕ ਔਰ ਮੱਨਣ ਦੇ ਯੋਗਜ਼ ਹੈਨ ਅਰ ਮੱਨੇ ਜਾਂਦੇ ਹੈਨ ਉਨ੍ਹਾਂ ਥੋਂ ਕੋਈ ਸਿੱਖ ਤੇ ਸਿੰਘ ਬੇ ਮੁਖ ਨਹੀਂ ਹੋ ਸੱਕਦਾ॥

ਤਾਤਪਰਯ ਇਹ ਕਿ ਬਾਬਾ ਨਾਨਕ ਆਦਿਕ ਦਸੋਂ ਗੁਰੂ ਧਰਮ ਸ਼ਾਸਤ੍ਰ ਅਨੁਸਾਰ ਪੁੰਨ ਦਾਨ ਤੇ ਤੀਰਥ ਬ੍ਰਤ ਕਰਦੇ ਸਨ ਔਰ ਬ੍ਰਾਹਮਣਾ ਹੀ ਨੂੰ ਪੁੰਨ ਦਾਨ ਦੇਂਦੇ ਸਨ ਜੈਸਾ ਕਿ ਗੁਰੂ ਤੇਗ ਬਹਾਦੁਰ ਪ੍ਰਤਿ ਲਿਖਿਆਹੈਃ—

ਸ੍ਰੀ ਮੁਖ ਵਾਕਿ ਪਾਤਸ਼ਾਹੀ ੧੦

ਜਬ ਹੀ ਜਾਤ ਤ੍ਰਿਬੈਣੀ ਭਏ ।
ਪੁੰਨ ਦਾਨ ਦਿਨ ਕਰਤ ਬਿਤਏ ।

ਅਨੰਦ, ਹੁਣ ਜੋ ਗੁਰੂ ਗੋਬਿੰਦ ਸਿੰਘ ਨੇ ਆਪ ਬਹੁਤ ਰੁਪਈਏ ਖਰਚ ਕਰਕੇ ਅਤਿ ਵੱਡਾ ਕਸ਼ਟ ਕਲੇਸ਼ ਉਠਾ ਕੇ ਦੇਵੀ ਦੇ ਅੱਗੇ ਹਮਨ ਕਰਵਾਇਆ ਅਰ ਉਸ ਦੀ ਪੂਜਾ ਤੇ ਉਸਤਤਿ ਕੀਤੀ ਉਸ ਬ੍ਰਿਤਾਂਤ ਦਾ ਉਤਾਰਾ ਸ੍ਰੀ ਗੁਰਮਤ ਸਿਧਾਂਤ ਥੋਂ ਕੁਛ ਕੁਛ ਚੁਣ ਕੇ ਲਿਖਦੇ ਹਾਂ ਔਰ ਉਹ ਇਹ ਹੈ ਕਿ ਭਾਈ ਚੌਪਾ ਸਿੰਘ ਜੋ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬ ਕੇ ਹਜ਼ੂਰ ਰਹਿੰਦੇ ਸਨ (ਔਰ ਜਿਨਾਂ ਥੋਂ ਗੁਰੂ ਜੀ ਨੇ ਗੁਰਮੁਖੀ ਅੱਖਰਾਂ ਕਾ ਅਭਯਾਸ ਭੀ ਕੀਤਾ ਸੀ) ਗੁਰੂ ਪ੍ਰਤਿ ਲਿਖਦੇ ਹੈਨ ਕਿ ਪ੍ਰਿਥਮੇਂ ਸ੍ਰੀ ਅਕਾਲ ਪੁਰਖ ਜੀ ਨੇ ਗੁਰੂ ਜੀ ਕੋ ਬਰ ਦਿੱਤਾ ਕਿ ਪੰਥ ਪ੍ਰਗਟ ਕਰੋ ਦੇਵੀ ਨੂੰ ਪ੍ਰਗਟ ਕਰਕੇ। ਇਸ ਵਾਸਤੇ ਗੁਰੂ ਜੀ ਨੇ ਹਮਨ ਕਰਵਾਉਣ ਨਮਿੱਤ ਪੰਡਿਤ ਸ਼ਿਵ ਬਾਕਰ ਨੂੰ ਕਸ਼ਮੀਰੋਂ ਤੇ ਪੰਡਤ ਕਾਲਕਾ ਦਾਸ ਕੋ ਦਖਯਣੋਂ ਔਰ ਬਿਸ਼ਨ ਪਾਲ ਪੰਡਤ ਕੋ ਕਾਂਸ਼ੀਯੋਂ ਸੱਦਿਆ ਇਨ੍ਹਾਂ ਤਿੰਨ੍ਹਾਂ ਬ੍ਰਾਹਮਣਾਂ ਦੇ ਸੱਦਣ ਵਿੱਚ ਸਾਢੇ ਸੱਤ ਹਜ਼ਾਰ ਰੁਪਯਾ ਖਰਚ ਹੋਇਆ ਧਰਮ ਚੰਦ ਖ਼ਜ਼ਾਨਚੀ ਗੁਰੂ ਜੀ ਦਾ ਖਰਚ ਲਿਖਦਾ ਸੀ ਔਰ ਯਗਯ ਵਾਸਤੇ ਪੰਤਾਲੀ ਹਜ਼ਾਰ ਰੁਪਈਏ ਦੀ ਸਾਮਗਰੀ ਆਈ ਸਾਢੇ ਪੰਤਾਲੀ ਹਜ਼ਾਰ ਰੁਪਈਯਾ ਪਹਿਲੇ ਖਰਚ ਆਇਆ ਸੀ ਸੰਮਤ ੧੭੫੬ ਬਿੱਕ੍ਰਮੀ ਵਿੱਚ ਮਾਤਾ ਨੈਣਾ ਦੇਵੀ ਦੇ ਅਸਥਾਨ ਮੇਂ ਹਮਨ ਹੋਣ ਲੱਗਾ ਤਦ ਗੁਰੂ ਜੀ ਨੇ ਆਖਿਆ ਕਿ ਭਗਵਤੀ ਅਗਨਿ ਵਿੱਚੋਂ ਪਰਤਖਯ ਦਰਸ਼ਨ ਦੇਵੇ ਪੰਡਤ ਕਾਲਕਾ ਦਾਸ ਨੇ ਕਹਾ ਕਿ ਵਡਾ ਪਰਿਸ਼੍ਰਮ ਉਠਾਵਤੇ ਹੋ ਔਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿੰਦੇ ਹੋ ਕਿ ਤੁਰਕ ਬੀਜ ਨਾਂ ਰਹੇ ਜਿਸ ਅਕਾਲ ਪੁਰਖ ਨੇ ਤੁਹਾਨੂੰ ਬਰ ਦਿੱਤਾ ਹੈ ਉਸ ਕੋ ਤੁਸੀਂ ਆਖਦੇ ਇੱਕੋ ਕਰ ਦੂਜਾ ਨਾ ਕਰ। ਅਬ ਤੋ ਦੇਵੀ ਜੀ ਪ੍ਰਗਟ ਹੋ ਕੇ ਆਪ ਕੇ ਸ਼ਤ੍ਰੂਓਂ ਕਾ ਨਾਸ ਕਰੇਗੀ ਤਬ ਗੁਰੂ ਜੀ ਨੇ ਕਹਾ ਕਿ ਅਸੀਂਨੂੰ ਪੰਥ ਪ੍ਰਗਟ ਕਰਨ ਦਾ ਭੀ ਹੁਕਮ ਹੈ॥

ਚੌਪਈ

ਹੇਮ ਕੁੰਡ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਤ ਹੈ ਤਹਾਂ॥
ਸਪਤ ਸ੍ਰਿੰਗ ਤਿਹਿ ਨਾਮ ਕਹਾਵਾ।
ਪੰਡ ਰਾਜ ਜਿਹਿ ਜੋਗ ਕਮਾਵਾ॥
ਤਿਹ ਹਮ ਅਨਿਕ ਤਪੱਸਿਆ ਸਾਧੀ।
ਮਹਾ ਕਾਲ ਕਾਲਕਾ ਅਰਾਧੀ॥
ਬਹੁ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹੋ ਗਯੋ॥
ਜੋ ਹਮ ਕੋ ਪਰਮੇਸੁਰ ਉਚਰ ਹੈ।
ਤੇ ਸਭ ਨਰਕ ਕੁੰਡ ਮਹਿ ਪਰ ਹੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੋ ਕੋ ਦਾਸ ਤਵਨ ਕਾ ਜਾਨੋਂ ।
ਯਾ ਮੈਂ ਭੇਦ ਨ ਰੰਚ ਪਛਾਨੋਂ ॥
ਤਬ ਸਾਧਤ ਹਰਿ ਮੋਹਿ ਬੁਲਾਇਓ ।
ਇਮ ਕਹਿ ਕੈ ਇਹ ਲੋਕ ਪਠਾਇਓ ॥
ਮੈਂ ਅਪਨਾ ਸੁਤ ਤੋਹਿ ਨਿਵਾਜਾ ।
ਪੰਥ ਪਰ ਚੁਰ ਕਰਬੇ ਕੋ ਸਾਜਾ ॥
ਜਾਇ ਤਹਾਂ ਤੇ ਧਰਮ ਚਲਾਇ ।
ਕਬੁਧ ਕਰਨ ਤੇ ਲੋਕ ਹਟਾਇ ॥

ਆਦਿਕ । ਹੁਣ ਮਾਲੂਮ ਨਹੀਂ ਕਿ ਗੁਰੂ ਜੀ ਨੇ ਕਿਸ ਕਬੁਧ ਧਰਮ ਨੂੰ ਹਟਾ ਕੇ ਤੇ ਉਸ ਦੀ ਜਾਗਾਂ ਕਿਸ ਸਬੁਧ ਧਰਮ ਨੂੰ ਚਲਾ ਕੇ ਸ੍ਰੀ ਅਕਾਲ ਪੁਰਖ ਦੇ ਹੁਕਮ ਨੂੰ ਪੂਰਾ ਕੀਤਾ ਹੈ। ਕਿਉਂਕਿ ਮਲੇਛ ਤੇ ਤੁਰਕ ਧਰਮ ਤਾਂ ਸਗੋਂ ਹੋਰ ਭੀ ਵਧੀਕ ਫੈਲਦਾ ਜਾਂਦਾ ਹੈ, ਅਤੇ ਦੇਵੀ ਦੇ ਧਰਮ ਨੂੰ ਗੁਰੂ ਜੀ ਨੇ ਆਪ ਦੇਵੀ ਦੇ ਅੱਗੇ ਹਮਨ ਕਰਵਾ ਕੇ ਤੇ ਉਸ ਦੀ ਪੂਜਾ ਤੇ ਉਸਤਤਿ ਕਰਕੇ ਹੋਰ ਭੀ ਪ੍ਰਸਿਧ ਤੇ ਪਰਚਲਿਤ ਕਰ ਦਿੱਤਾ ਹੈ (ਪਰੰਤੂ ਨਿਸੰਦੇਹ ਗੁਰੂ ਗੋਬਿੰਦ ਸਿੰਘ ਨੇ ਆਦ ਗ੍ਰੰਥ ਦੇ ਅਧੀਨਤਾਈ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਦੇਸ਼ ਨੂੰ ਤੇ ਚਰਨ ਘਾਲ ਦੀ ਪਾਹੁਲ ਦੇਨ ਨੂੰ ਤੇ ਸਹਿਜ ਧਾਰੀ ਰਹਿਨ ਆਦਿਕ ਦੇ ਪੰਥ ਨੂੰ ਨਾ ਪਸੰਦ ਕਰਕੇ ਆਪਨਾ ਜੁਦਾ ਦਸਮ ਗ੍ਰੰਥ ਤੇ ਖੰਡੇ ਦੀ ਪਾਹੁਲ ਦੇਣ ਦਾ ਤੇ ਕੇਸ ਤੇ ਸਿੰਘਨਾਂਉਂ ਰੱਖਣ ਆਦਿਕ ਦਾ ਪੰਥ ਬਨਾਕੇ ਚਲਾਇਆ ਔਰ ਫਰਮਾਇਆ ਹੈ ॥ ਚੌਪਈ ॥ ਦੁਸਟ ਜਿਤੇ ਉਠਵਤ ਉਤਪਾਤਾ। ਸਕਲ ਮਲੇਛ ਕਰੋ ਰਣ ਘਾਤਾ ਆਦਿਕ ॥ ਬਸ ਇਸ ਉੱਤੇ ਵਾਲੇ ਪ੍ਰਮਾਨ ਤੋਂ ਆਦ ਗ੍ਰੰਥ ਦਾ ਅਧੀਨਤਾਈ ਵਾਲਾ ਉਪਦੇਸ਼ ਤੇ ਚਰਨ ਘਾਲ ਦੀ ਪਾਹੁਲ ਦੇਨ ਆਦਕ ਦਾ ਪੰਥ ਹੀ ਕਬੁਧ ਸਾਬਿਤ ਹੋਇਆ। ਇਸ ਪਰ ਪਿਆਰੇ ਸਿੱਖਾਂ ਤੇ ਸਿੰਘਾਂ ਨੂੰ ਸੋਚ ਬਿਚਾਰ ਕਰਨੀ ਚਾਹੀਦੀ ਹੈ) ਅਰ ਇਸ ਦੇਵੀ ਦੀ ਪੂਜਾ ਦਾ ਬਿਸਤਾਰ ਹੇਠਾਂ ਲਿਖਿਆ ਜਾਏਗਾ ਔਰ ਉਤਲੀ ਲਿਖਤੋਂ ਇਹ ਭੀ ਪਰਗਟ ਹੁੰਦਾ ਹੈ ਕਿ ਗੁਰੂ ਜੀ ਨੇ ਇਸ ਜਨਮ ਥੋਂ ਪਹਿਲੇ ਜਨਮ ਵਿੱਚ ਭੀ ਹੇਮ ਕੁੰਡ ਪਰਬਤ ਪਰ ਵਡੀ ਮ੍ਰਿਤੂ ਕਾਲਕਾ ਦੇਵੀ ਨੂੰ ਅਰਾਧਿਆ ਸੀ ਸ਼ਾਇਦ ਕਾਲੀ ਕਲਕੱਤੇ ਵਾਲੀ ਨੂੰ ਅਰਾਧਿਆ ਹੋਵੇਗਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੰਦ, ਹੁਣ ਇਸ ਬਿਚਕਾਰਲੇ ਬਿਰਤਾਂਤ ਨੂੰ ਛੱਡ ਕੇ ਫੇਰ ਅਸਲੀ ਬ੍ਰਿਤਾਂਤ ਲਿਖਦੇ ਹਨ ਅਰ ਓਹ ਇਹ ਹੈ ਕਿ ਹਮਨ ਦੇ ਚਾਲੀਵੇਂ ਦਿਨ ਦੁਰਗਾ ਜੀ ਨੇ ਗੁਰੂ ਜੀਕੋ ਸੁਪਨ ਦੀਦਾਰ ਦੀਯਾ ਪਰੰਤੂ ਗੁਰੂ ਜੀ ਨੇ ਬ੍ਰਾਹਮਣਾਂ ਥੋਂ ਕਹਾ ਕਿ ਅਸੀਂ ਪ੍ਰਤਖਜ ਦਰਸ਼ਨ ਚਾਹਤੇ ਹੈਂ ਤਬ ਚੇਤ੍ਰ ਦੇ ਨੌਰਾਤ੍ਰੇ ਮੇਂ ਪਹਿਰ ਰਾਤ ਰਹਿੰਦੇ ਹੋਮ ਕੇ ਤੀਰ ਪਰ ਮਾਤਾ ਦੁਰਗਾ ਜੀ ਨੇ ਦਿਗੰਬਰ ਆਸਨ ਅਗਨਿ ਵਿੱਚੋਂ ਪ੍ਰਤਖਜ ਦਰਸ਼ਨ ਦਿੱਤਾ ਅਰ ਖੰਡਾ ਦੇਕਰ ਅੰਤ੍ਰਧਿਆਨ ਭਈ ਤਬ ਦੇਵੀ ਦੀ ਉਸਤਤਿ ਮੇਂ ਬਚਨ ਹੋਇਆ ਧਨਜ ਹੈ ਧਨਜ ਹੈ ॥

ਦਸਮ ਗ੍ਰੰਥ

ਪੁਨਿ ਰਾਛਸ ਕਾ ਕਾਟਾ ਸੀਸਾ ।
ਸ੍ਰੀ ਅਸਿਕੇਤ ਜਗਤ ਕੇ ਈਸਾ ॥ ਆਦਿਕ

ਚੌਪਈ

ਤੁਮਹਿ ਛਾਡ ਕੋਈ ਅਉਰ ਨਾ ਧਿਆਊਂ ।
ਜੋ ਬਰ ਚਾਹੋਂ ਸੋ ਤੁਮ ਤੇ ਪਾਊਂ ॥
ਹਮਰੇ ਦੁਸ਼ਟ ਸਭੈ ਤੁਮ ਘਾਵਹੁ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਹਾਥ ਦੈ ਮੋਹਿ ਬਚਾਵਹੁ ॥
ਦੇਗ ਤੇਗ ਜਗ ਮੇਂ ਦੋਊ ਚਲੈ ।
ਰਾਖ ਆਪ ਮੋਹਿ ਅਉਰ ਨ ਦਲੈ ॥

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਚੌਥੀ ਰਿਤੂ ਦੇ ਬਤੀਵੇਂ ਕਾਂਡ ਵਿੱਚ ਲਿਖਿਆ ਹੈ ਕਿ ਗੁਰੂ ਜੀ ਨੇ ਮਾਛੂਵਾੜੇ ਮੇਂ ਨੌਰਾਤ੍ਰਯਾਂ ਵਿਖੇ ਚੰਡੀ ਦੇਵੀ ਦਾ ਜਾਪ ਤੇ ਪੂਜਾ ਆਪ ਕੀਤੀ ਔਰ ਬ੍ਰਾਹਮਣਾਂ ਥੋਂ ਕਰਵਾਈ (ਅਰ ਕਹਾ
ਸਬੈ ਸੰਤੁ ਉਬਾਰੀ ਬਰੂੰ ਬਰੂਹਿ ਦਾਤਾ ।
ਨਮੋਂ ਤਾਰਨੀ ਕਾਰਨੀ ਲੋਕ ਮਾਤਾ ॥
ਨਮਸਤਿਯੰ ਨਮਸਤਿਯੰ ਨਮਸਤਿਯੰ ਭਵਾਨੀ ॥
ਸਦਾ ਰਾਖ ਲੈ ਮੋਹਿ ਕ੍ਰਿਪਾ ਕੈ ਕ੍ਰਿਪਾਨੀ ॥

ਦੋਹਰਾ

ਐਸੇ ਚੰਡ ਪ੍ਰਤਾਪ ਤੇ ਦੇਵਨ ਬਢਿਓ ਪ੍ਰਤਾਪ ॥
ਤੀਨ ਲੋਕ ਜੈ ਜੈ ਕਰੈ ਰਰੈ ਨਾਮ ਸਤਿ ਜਾਪ ।
ਸਗਲ ਦੁਆਰ ਕੋ ਛਾਡ ਕੈ ਗਹਿਓ ਤੁਹਾਰਾ ਦੁਆਰ ।
ਬਾਂਹ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਗੁਰੂ ਜੀ ਨੇ ਦੁਸਹਿਰੇ ਦੇ ਦਿਨ ਹਥਯਾਰਾਂ ਨੂੰ ਇਕ ਊਂਚੀ ਜਾਗਾਂ ਪਰ ਰਖਵਾ ਕੇ ਉਨ੍ਹਾਂ ਦੀ ਪੂਜਾ ਤੇ ਪ੍ਰਦਖਨਾ ਕੀਤੀ (ਅਰ ਉਨ੍ਹਾਂ ਨੂੰ ਆਪਨੇ ਰਛਿਕ ਅਰ ਸਹਾਇਕ ਬਤਾਇਆ ਅਰ ਫਰਮਾਇਆ ਹੈ:—ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈ ॥

ਦੋਹਰਾ

ਨਮਸਕਾਰ ਸ੍ਰੀ ਖੜਗ ਕਉ ਕਰੋ ਸੁ ਹਿਤ ਚਿਤਲਾਇ ।
ਪੂਰਨ ਕਰੋ ਗ੍ਰੰਥ ਇਹ ਤੁਮ ਮੋਹਿ ਕਰਹੁ ਸਹਾਇ ॥

ਔਰ ਕਹਾ ਕਿ ਤਲਵਾਰ ਅਨਾਦੀ ਕੁਦਰਤ ਹੈ ਸਾਰੇ ਸੁਰ ਤੇ ਅਸੁਰ ਇਸ ਕੇ ਵਸ ਮੇਂ ਹੈਨ ਔਰ ਅਕਾਲ ਪੁਰਖ ਦੇ ਝੰਡੇ ਉੱਤੇ ਇਸ ਦਾ ਨਸ਼ਾਨ ਹੈ ਇਸ ਲਈ ਇਸ ਦਾ ਵਡਾ ਆਦਰ ਤੇ ਅਦਬ ਕਰਨਾ ਚਾਹੀਦਾ ਹੈ) ਇਸ ਵਾਸਤੇ ਖਾਲਿਸਾ ਪੰਥ ਵਾਲੇ ਹਥਯਾਰਾਂ ਦਾ ਵਡਾ ਆਦਰ ਤੇ ਅਦਬ ਕਰਦੇ ਹੈਨ ਅਨੰਦ ਪੁਰ ਦੇ ਗੁਰਦੁਆਰੇ ਕੇਸ਼ਗੜ੍ਹ ਤੇ ਅੰਮ੍ਰਿਤਸਰਦੇ ਦਰਵਾਰਦੇ ਅਕਾਲਬੁੰਗੇ ਆਦਿਕ ਮੇਂ ਜਾ ਕੇ ਵੇਖ ਲਓ ਕਿ ਅਸਿਪਾਨ ਆਦਿਕ ਹਥਯਾਰ ਕੈਸੇ ਵਡੇ ਆਦਰ ਅਦਬ ਤੇ ਪ੍ਰਤਿਸ਼ਟਾ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੱਖੇ ਹੋਏ ਹੈਨ ਔਰ ਅਸਿਧੁਜ ਦਾ ਕੇਡਾ ਵਡਾ ਆਦਰ ਅਦਬ ਤੇ ਪ੍ਰਤਿਸ਼ਟਾ ਕੀਤੀ ਜਾਂਦੀ ਹੈ ਫੇਰ ਆਖਦੇ ਹਨ ਕਿ ਅਸੀਂ ਬੁਤਾਨ ਤੇ ਮ੍ਰਿਤਕਾਂਨ ਨੂੰ ਨਹੀਂ ਮੱਨਦੇ ਤੇ ਪੂਜਦੇ ਹਾਂ ਹੇਠਲੇ ਸਵੈਯੇ ਵਿਖੇ ਵੇਖੋ ਕਿ ਅਸਿਪਾਨ ਦੀ ਕੇਡੀ ਵਡੀ ਉਸਤਤਿ ਕੀਤੀ ਗਈ ਹੈ ॥

ਸਵੈਯਾ

ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਿਯੋ। ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਿਯੋ ॥ ਸਿਮਰਤ ਸ਼ਾਸਤ੍ਰ ਬੇਦ ਸਬੈ ਬਹੁ ਭੇਦ,ਕਹੈਂ ਹਮ ਏਕ ਨ ਜਾਨਿਯੋ । ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰ ਮੈਂ ਨਾ ਕਹਿਯੋ ਸਭ ਤੋਹਿ ਬਖਾਨਿਯੋ॥

ਹੇਠਲੀ ਚੌਪਈ ਵਿੱਚ ਅਸਿਧੁਜ ਦੀ ਵਡੀ ਉਸਤਤਿ ਕੀਤੀ ਗਈ ਹੈ ॥

ਚੌਪਈ

ਹੂ ਜੋ ਸਦਾ ਹਮਾਰੇ ਪੱਛਾ ।
ਸ੍ਰੀ ਅਸਿਧੁਜ ਜੂ ਕਰੀਅਹੁ ਰੱਛਾ ॥
ਜੋ ਅਸਿਧੁਜ ਤੂ ਸਰਣੀ ਪਰੇਂ ।
ਤਿਨ ਕੇ ਦੁਸ਼ਟ ਦੁਖਤ ਹ੍ਵੈ ਮਰੇਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਟ ਹੋ ਕਿ ਇਨ੍ਹਾਂ ਵਾਕਾਂ ਮੇਂ ਗੁਰੂ ਜੀ ਅਸਿਪਾਨ ਤੇ ਅਸਿਧੁਜ ਨੂੰ ਆਪਨੇ ਰਛਿਕ ਤੇ ਸਹਾਇਕ ਜਾਣ ਕਰ ਉਨ੍ਹਾਂ ਥੋਂ ਆਪਨੀ ਰਛਿਆ ਤੇ ਸਹਾਇਤਾ ਮੰਗਦੇ ਹੈਨ। ਅਰ ਇਹ ਭੀ ਪ੍ਰਗਟ ਹੋ ਕਿ ਅਸਿਪਾਨ ਦਾ ਪ੍ਰਸਿਧ ਅਰਥ ਹੈ ਹੱਥਦੀ ਤਲਵਾਰ ਅਤੇ ਅਸਿਧੁਜ ਦਾ ਪ੍ਰਸਿਧ ਅਰਥ ਹੈ ਹੱਥ ਦਾ ਝੰਡਾ ਔਰ ਇਹ ਚੰਗੀ ਤਰਾਂ ਤੇ ਮਾਲੂਮ ਹੋਜਾਵੇ ਕਿ ਗੁਰੂਜੀ ਦੇ ਨਿਸ਼ਚੇ ਮੇਂ ਅਸਿਪਾਨ ਤੋਂ ਖ਼ਾਸ ਮੁਰਾਦ ਇਹੀ ਜ਼ਾਹਿਰੀ ਲੋਹੇ ਦੀ ਤਲਵਾਰ ਸੀ ਔਰ ਅਸਿਧੁਜ ਥੋਂ ਖ਼ਾਸ ਮੁਰਾਦ ਇਹੀ ਜ਼ਾਹਿਰੀ ਜੰਗੀ ਝੰਡਾ ਸੀ ਹੁਣ ਜੋ ਕੋਈ ਇਨਾਂ ਅਰਥਾਂ ਦੇ ਬਾਝ ਹੋਰ ਅ-ਰਥ ਕਰਦਾ ਹੈ ਉਹ ਗੁਰੂ ਜੀ ਦੇ ਠੀਕ ਅਰਥਾਂ ਦੇ ਬਿਰੁੱਧ ਆਪਨੀ ਮਨ ਘੜਤ ਦੇ ਅਰਥ ਕਰਦਾ ਹੈ ਜੋ ਮੰਨਣ ਦੇ ਯੋਗ ਕਦੇ ਨਹੀਂ ਹੋ ਸੱਕਦੇ ॥

ਦਸਮਗ੍ਰੰਥ ਤਿਲੰਗ ਕਾਫ਼ੀ ਪਾਤਸ਼ਾਹੀ੧੦

ਕੇਵਲ ਕਾਲਈ ਕਰਤਾਰ। ਆਦਿ ਅੰਤ ਅਨੰਤ ਮੂਰਤ ਗੜ੍ਹਨ ਭੰਜਨ ਹਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਈ

ਕਾਲ ਪਾਇ ਬ੍ਰਹਮਾ ਬਪੁ ਧਰਾ ।
ਕਾਲ ਪਾਇ ਸ਼ਿਵਜੀ ਅਵਤਰਾ ॥
ਕਾਲ ਪਾਇ ਕਰ ਬਿਸ਼ਨ ਪ੍ਰਕਾਸ਼ਾ ।
ਸਕਲ ਕਾਲ ਕਾ ਕੀਆ ਤਮਾਸ਼ਾ ॥
ਜਵਨ ਕਾਲ ਜੋਗੀ ਸ਼ਿਵ ਕੀਓ ।
ਬੇਦ ਰਾਜ ਬ੍ਰਹਮਾ ਜੁ ਥੀਓ ।
ਜਵਨ ਕਾਲ ਸਭ ਲੋਕ ਸਵਾਰਾ ।
ਨਮਸਕਾਰ ਹੈ ਤਾਂਹਿ ਹਮਾਰਾ ॥
ਜਵਨ ਕਾਲ ਸਭ ਜਗਤ ਬਨਾਯੋ ।
ਦੇਵ ਦੈਂਤ ਜੱਛਨ ਉਪਜਾਯੋ ।।
ਮਹਾ ਕਾਲ ਰਖਵਾਰ ਹਮਾਰੋ ।
ਮਹਾ ਲੋਹ ਮੈਂ ਕਿੰਕਰ ਥਾਰੋ ॥

ਅਕਾਲਉਸਤਤਿ–ਕੱਬਿੱਤ

ਜਲ ਕਹਾਂ ਥਲ ਕਹਾਂ ਗਗਨ ਕ਼ੇ ਗੌਨ ਕਹਾਂ ਕਾਲ ਕੇ ਬਨਾਏ ਸਬੈ ਕਾਲ ਹੀ ਚਬਾਂਹਗੇ ॥

CC-0. In Public Domain. Gurukul Kangri Collection, Haridwar

੧੬ ੫/੧੩ ੨੨੮੮੬
Digitized by Arya Samaj Foundation Chennai and eGangotri

ਬਸ, ਇਸ ਥੋਂ ਪਰਗਟ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਮੇ ਤੇ ਵਕਤ ਨੂੰ ਜਗਤ ਦਾ ਕਰਤਾਹਰਤਾ ਤੇ ਉ-ਪਾਦਾਨ ਕਾਰਨ ਜਾਣਦੇ ਤੇ ਮੰਨਦੇ ਔਰ ਉਸ ਨੂੰ ਨਮਸ-ਕਾਰ ਕਰਦੇ ਸਨ ਔਰ ਇਹ ਮਤ ਨਾਸਿਤਕਾਂ ਦਾ ਹੈ ਜੈਸਾ ਕਿ ਕਿਸੇ ਨਾਸਿਤਕ ਨੈ ਆਖਿਆ ਹੈ ॥

ਸਮਾ ਕਰੇ ਨਰ ਕਿਆ ਕਰੇ ਸਮੇ ਸਮੇ ਕੀ ਬਾਤ।
ਕਿਸੀ ਸਮੇ ਕੇ ਦਿਨ ਬੜੇ ਕਿਸੀ ਸਮੇ ਕੀ ਰਾਤ॥

ਬਸ ਹੁਣ ਤੁਸੀਂ ਹੇਬਿਚਾਰਵਾਨ ਸਿੱਖੋ ਤੇ ਸਿੰਘੋ! ਇਹ ਦੱਸੋ ਕਿ ਇਸ ਥੋਂ ਵਧੀਕ ਅਦਵੈਤ ਪ੍ਰਮੇਸ਼ਵਰ ਖਸਮ ਨੂੰ ਛੱਡਕੇ ਦੂਜੇ ਲਗਨਾ ਹੋਰ ਕੀ ਹੁੰਦਾ ਹੈ, ਔਰ ਤੁਸੀਂ ਇਹ ਭੀ ਸਮਝੋ ਕਿ ਸ੍ਰੀ ਅਕਾਲਪੁਰਖ ਸਰਵ ਕਲਾ ਸਮਰੱਥ ਦਾ ਬਰ ਤੇ ਹੁਕਮ ਐਸਾ ਅਯੋਗਯ ਕਦੇ ਨਹੀਂ ਹੋ ਸੱਕਦਾ ਕਿ ਪੰਥ ਪ੍ਰਗਟ ਕਰੋ ਦੇਵੀ ਨੂੰ ਪ੍ਰਗਟ ਕਰਕੇ, ਕਿਉਂਕਿ ਇਸ ਬਰ ਵਿੱਚ ਵਡੀ ਊਨਤਾ ਤੇ ਹੁਕਮ ਵਿਖੇ ਵਡੀ ਮੁਹਤਾਜੀ ਪਾਈ ਜਾਂਦੀ ਹੈ ਜਿਸ ਥੋਂ ਸ੍ਰੀ ਅਕਾਲ ਪੁਰਖ ਸ੍ਰਵ ਉਪਮਾ ਯੋਗਯ ਦੀ ਵਡੀ ਨਿੰਦਾ ਹੁੰਦੀ ਹੈ। ਬਸ ਇਸ ਲਈ ਇਹ ਬਰ ਤੇ ਹੁਕਮ ਸ੍ਰੀ ਅਕਾਲ ਪੁਰਖ ਸਰਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਕਤਿ ਮਾਨ ਦਾ ਕਦੇ ਨਹੀਂ ਹੋ ਸੱਕਦਾ ਹੈ। ਇਹ ਗੁਰੂ ਜੀ ਦਾ ਆਪਨਾ ਵਿਸ਼ੇਖ ਛਤ੍ਰੀ ਧਰਮ ਵਾਲਾ ਸੰਕਲਪ ਤੇ ਉਪਾਉ ਔਰ ਯਤਨ ਸੀ ਜੋ ਸ੍ਰੀ ਅਕਾਲ ਪੁਰਖ ਦੀ ਮਰ-ਜ਼ੀ ਔਰ ਹੁਕਮ ਦੇ ਪੂਰਾ ਬਿਰੁਧ ਔਰ ਬਿਲਕੁੱਲ ਬਰ ਖਿਲਾਫ਼ ਸੀ ਗੁਰੂ ਜੀ ਇਸ ਬਿਧਿ ਤੇ ਹਿਕਮਤੇ ਅਮਲੀ ਨਾਲ ਆਪਨੇ ਸਿੱਖਾਂ ਤੇ ਸਿੰਘਾਂ ਨੂੰ ਵਡੇ ਸੂਰਮੇ ਦਿਲਾਵਰ ਬਹਾਦੁਰ ਜੰਗੀ ਸਿਪਾਹੀ ਬਨਾ ਕੇ ਤੁਰਕਾਂ ਥੋਂ ਆਪਨੇ ਪਿਤਾ ਗੁਰੂ ਤੇਗ਼ਬਹਾਦੁਰ ਦਾ ਬਦਲਾ ਲੈਣਾ ਚਾਹੁੰਦੇ ਸਨ ਇਸ ਲਈ ਫ਼ਰਮਾਇਆ ॥

ਚੌਪਈ

ਦੁਸ਼ਟ ਜਿਤੇ ਉਠਵਤ ਉਤ ਪਾਤਾ।
ਸਕਲ ਮਲੇਛ ਕਰੋ ਰਣ ਘਾਤਾ ॥

ਇਸ ਥੋਂ ਮਾਲੂਮ ਹੁੰਦਾ ਹੈ ਕਿ ਸ਼ਾਇਦ ਗੁਰੂ ਜੀ ਕਾ ਇਹ ਖ਼ਯਾਲ ਹੋਗਾ

ਚਿੜੀਆਂ ਤੋਂ ਬਾਜ਼ ਤੁੜਾਊਂ
ਤਬ ਹੀ ਗੋਬਿੰਦਸਿੰਘਨਾਮਕਹਾਊਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਵਡਾ ਅਸ਼ਚਰਯ ਔਰ ਸ਼ੋਕ ਤੇ ਅਫ਼ਸੋਸ ਹੈ ਕਿ ਇਤਨਾ ਵਡਾ ਕਸ਼ਟ ਕਲੇਸ਼ ਉਠਾਉਣ ਨਾਲ ਤੇ ਇੱਕ ਲੱਖ ਦੇ ਕਰੀਬ ਰੁਪਯਾ ਖਰਚ ਕਰਨ ਨਾਲ ਭੀ ਗੁਰੂ ਜੀਦਾ ਅਸਲ ਮਨੋਰਥ ਤੇ ਪਰਯੋਜਨ ਪੂਰਾ ਨਾ ਹੋਇਆ ਸਭੋ ਅਕਾਰਥ ਤੇ ਬ੍ਰਿਥਾਗਿਆ ਕਿਉਂਕਿ ਦੇਵੀ ਦੇ ਪ੍ਰਗਟ ਹੋ ਕੇ ਖੰਡਾ ਦੇਣ ਥੋਂ ਤੁਰਕ ਬੀਜ ਦਾ ਨਾਸ਼ ਤਾਂ ਨਾ ਹੋ-ਇਆ ਪਰ ਉਲਟੇ ਚਾਰ ਗੁਰ ਜ਼ਾਦਿਹ ਤੁਰਕਾਂ ਸ਼ਤ੍ਰੂਆਂ ਦੇ ਹੱਥੋਂ ਸ਼ਹੀਦ ਕੀਤੇ ਗਏ ਅਰਥਾਤ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਵਿੱਚ ਸ਼ਹੀਦ ਹੋ ਗਏ। ਅਤੇ ਜੋ-ਰਾਵਰ ਸਿੰਘ ਤੇ ਫ਼ਤਿਹ ਸਿੰਘ ਤੁਰਕ ਜ਼ੁਲਮ ਥੋਂ ਸਰੰਦ ਫਿਟ ਮੂੰਹੀ ਦੇ ਕਿਲਿਹ ਦੀ ਨੀਉਂ ਵਿਖੇ ਜੀਉਂਦੇ ਚਿਣੇ ਗਏ ॥

ਇਹ ਸਾਰਾ ਬ੍ਰਿਤਾਂਤ ਔਰ ਗੁਰੂਜੀ ਦਾ ਪਹਾੜੀ ਰਾਜਿ-ਆਂ ਨਾਲ ਲੜਨ ਦਾ ਸੁਰਮਈ ਵਸਤ੍ਰ ਪਹਿਨ ਕੇ ਉੱਚ ਦੇ ਪੀਰ ਅਖਵਾਉਣ ਦਾ ਪ੍ਰਸਾਦ ਛਕਣ ਦੇ ਵਿਖੇ ਮੈਂ ਤੁਰਕਾਂ ਨੂੰ ਪ੍ਰਤਾਵਾ ਦੇਣ ਦਾ, ਅੰਤ ਨੂੰ ਪ੍ਰਲੋਕ ਕੋ ਸਿਧਾਰ ਪਧਾਰ ਜਾਣ ਦੇ ਕਾਰਨ ਦਾ ਸਾਰਾ ਬ੍ਰਿਤਾਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਜੀ ਦੀ ਜਨਮ ਸਾਖੀ ਤੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਮੇਂ ਲਿਖਿਆ ਹੈ ਅਸਾਂ ਨੇ ਉਸ ਦਾ ਇਹ ਤਤੁਸਾਰ ਤੇ ਖੁਲਾਸਾ ਲਿਖਿਆ ਹੈ ॥

ਹੁਣ ਪ੍ਰਗਟ ਹੋ ਕਿ ਗੁਰੂ ਜੀ ਨੈ ਇਹ ਮੁਸਲਮਾਨੀ ਨਾਮ ਰੂਪ ਆਦਿਕ ਵਟਾਂਉਣ ਦੀਆਂ (ਆਪਨੇ ਤੇ ਆਪਨੇ ਸਿੱਖਾਂ ਸਿੰਘਾਂ ਦੇ ਪ੍ਰਾਣ ਬਚਾਉਣ ਦੀਆਂ) ਉਤਲੀਆਂ ਸਾਰੀਆਂ ਅਜੋਗਜ ਵਿਧਾਂ ਤੇ ਨਾ ਮੁਨਾਸਿਬ ਹਿਕਮਤਾਂ ਅਮਲੀਆਂ ਛੱਤ੍ਰੀ ਧਰਮ ਕਰਮ ਨੂੰ ਕਾਇਮ ਰੱਖਣ ਦੇ ਬਿੱਲਕੁੱਲ ਬਿਰੁੱਧ ਕੀਤੀਆਂ ਸਨ ॥

ਹੁਣ ਹੇ ਖਾਲਿਸੇ ਪੰਥ ਵਾਲਿਓ ! ਪਹਿਲੇ ਤੁਸੀਂ ਇਹ ਦੱਸੋ ਕਿ ਉਹ ਖੰਡਾ ਜੋ ਦੇਵੀ ਨੇ ਅਗਨੀ ਵਿੱਚੋਂ ਪ੍ਰਤਖਜ ਹੋ ਕੇ ਗੁਰੂ ਜੀ ਕੋ ਦਿੱਤਾ ਸੀ ਹੁਣ ਉਹ ਕਿੱਥੇ ਹੈ ਅਰ ਉ-ਸ ਦੀ ਕੀ ਪਛਾਣ ਤੇ ਕਰਾਮਾਤ ਹੈ, ਔਰ ਬਹੁਤ ਵਰਿਆਂ ਦਾ ਬ੍ਰਿਤਾਂਤ ਇਹ ਨਹੀਂ ਹੈ ਕੇਵਲ ਦੋ ਸੌ ਦੋ ਵਰ੍ਹੇ ਦਾ ਬ੍ਰਿ-ਤਾਂਤ ਹੈ ਇਸ ਵਾਸਤੇ ਅਵਸ਼ਿ ਹੈ ਕਿ ਉਹ ਖੰਡਾ ਕਿਸੇ ਗੁਰ ਦੁਆਰੇ ਵਿਖੇ ਰੱਖਿਆ ਹੋਇਆ ਹੋਵੇ ਬਸ ਉਸ ਨੂੰ ਜ਼ਰੂਰ ਵਿਖਾਲਨਾ ਚਾਹੀਦਾ ਹੈ ਤਾਂ ਕਿ ਬਾਦੀ ਦਾ ਸੰਸਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰਮ ਨਵਿਰਤ ਹੋ ਜਾਵੇ ਆਦਿਕ ॥ ਦੂਜੇ ਇਹ ਕਿ ਜੇ ਕਰ ਤੁਸੀਂ ਦੇਵੀ ਨੂੰ ਆਦ ਸ਼ਕਤੀ ਤੇ ਬਰ ਦਾਤੀ ਸਤਯ ਮੰਨਦੇ ਔਰ ਨਿਸ਼ਚੇ ਜਾਨਦੇ ਹੋ ਕਿ ਦੇਵੀ ਨੇ ਹਮਨ ਦੇ ਵੇਲੇ ਗੁਰੂ ਜੀ ਕੋ ਅਗਨਿ ਵਿੱਚੋਂ ਪ੍ਰਤਖਯ ਦਰਸ਼ਨ ਦੇ ਕੇ ਤੁਰਕ ਬੀਜ ਦਾ ਨਾਸ਼ ਕਰਨ ਦੇ ਵਾਸਤੇ ਖੰਡਾ ਤੇ ਬਰ ਦਿੱਤਾ ਸੀ ਤਾਂ ਫੇਰ ਤੁਸੀਂ ਇਹ ਭੀ ਸਤਯ ਮੰਨੋ ਕਿ ਦੇਵੀ ਨੇ ਗੁਰੂ ਜੀ ਨਾਲ ਵਡੀ ਭਾਰੀ ਛਲੀ ਬਾਜ਼ੀ ਕੀਤੀ ਕਿ ਉਨਾਂਨੂੰ ਪ੍ਰਤਖਯ ਦਰਸ਼ਨ ਤੇ ਖੰਡਾ ਦੇਕੇ ਤੁਰਕਾਂ ਸ਼ਤ੍ਰੂਆਂ ਦਾ ਨਾਸ਼ ਕਰਨ ਦੀ ਵਡੀ ਨਿਸ਼ਚਿਤ ਆਸ ਤੇ ਉਮੈਦ ਦਿੱਤੀ ਅਤੇ ਉਸ ਆਸ ਤੇ ਉਮੈਦ ਉੱਤੇ ਗੁਰੂ ਜੀ ਨੇ ਵਡੇ ਭਰਵਾਸੇ ਨਾਲ ਤੁਰਕਾਂ ਸ਼ਤ੍ਰੂਆਂ ਦਾ ਮੁਕਾਬਲਾ ਕਰਕੇ ਉਨ੍ਹਾਂ ਨਾਲ ਜੁਧ ਕਰਨਾ ਅਰੰਭ ਕੀਤਾ ਪਰੰਤੂ ਫੇਰ ਯੁਧ ਵਿੱਚ ਦੇਵੀ ਨੇ ਗੁਰੂ ਜੀ ਦੀ ਕੁਛ ਭੀ ਸਹਾਇਤਾ ਤੇ ਮੱਦ-ਤ ਨਾ ਕੀਤੀ ਸਗੋਂ ਉਲਟੀ ਤੁਰਕਾਂ ਸ਼ਤ੍ਰੂਆਂ ਦੀ ਮੱਦਤ ਕਰਕੇ ਜੁਧ ਵਿੱਚ ਚਾਰ ਗੁਰ ਜ਼ਾਦਿਹ ਤੁਰਕਾਂ ਸ਼ਤ੍ਰੂਆਂ ਦੇ ਹੱਥੋਂ ਸ਼ਹੀਦ ਕਰਵਾ ਦਿੱਤੇ ਜਿਨ੍ਹਾਂ ਦਾ ਬ੍ਰਿਤਾਂਤ ਉੱਤੇ ਲਿਖਿਆ ਗਿਆਹੈ ਤਾਤਪਰਯ ਇਸਦਾ ਇਹ ਹੈ ਕਿ ਦੇ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਨੇ ਗੁਰੂ ਜੀ ਕੋ ਅਰ ਗੁਰ ਮਹਿਲਾਂ ਆਦਿਕਾਂ ਕੋ ਸੁਖ ਚੈਨ ਥੋਂ ਬੈਠੇ ਬਠਾਏ ਪਹਾੜੀ ਰਾਜਿਆਂ ਨਾਲ ਦੰਗਾ ਬਿਖੇੜਾ ਤੇ ਫਸਾਦ ਕਰਵਾ ਕੇ ਅਨੰਦ ਪੁਰੋਂ ਨਿੱਕਲਵਾ ਦਿੱਤਾ ਔਰ ਉਹ ਦੁਰਗਤ ਤੇ ਦੁਰਦਸ਼ਾ ਕਰਵਾਈ ਜਿਸ ਦਾ ਬਿਸਥਾਰ ਅਸੀਂ ਕੁਛ ਉੱਤੇ ਲਿਖ ਚੁੱਕੇ ਹਾਂ ਪਰ ਜੇ ਕਰ ਤੁਸੀਂ ਇਸ ਦੇ ਬਿਰੁੱਧ ਇਹ ਸਤਯ ਮੰਨਦੇ ਹੋ ਕਿ ਦੇਵੀ ਅਸਲ ਵਿੱਚ ਕੋਈ ਸਤਯ ਇਸ਼ਟ ਨਹੀਂ ਹੈ ਕੇਵਲ ਕਲਪਤ ਇਸ਼ਟਿ ਹੈ ਬਸ ਉਸ ਕਲਪਤ ਇਸ਼ਟ ਨੇ ਜੰਗ ਵਿਖੇ ਗੁਰੂ ਜੀ ਦੀ ਕੀ ਸਹਾਇਤਾ ਤੇ ਮੱਦਤ ਕਰਨੀ ਸੀ ਨਿਸੰਦੇਹ ਇਹ ਉੱਤ੍ਰ ਤੁਹਾਡਾ ਸਤਯਹੈ ਔਰ ਮੰਨਣ ਦੇ ਯੋਗਯ ਹੈ ਪਰ ਗੁਰੂ ਜੀ ਨੇ ਫੇਰ ਕਿਉਂ ਇਸ ਵਾਕਿ ਦੇ ਬਿਰੁੱਧ (ਭੈਰਉ ਮਃ ੫ । ਰਹਾਉ । ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨ ਮੁਖ ਅੰਧ ਅਗਿਆਨਾ) ਇਤਨਾ ਬਹੁਤ ਧਨ ਪਦਾਰਥ ਖਰਚ ਕਰਕੇ ਔਰ ਅਤਿ ਵਡਾ ਕਸ਼ਟ ਕਲੇਸ਼ ਉਠਾ ਕੇ ਉਸ ਅਸਤਯ ਇਸ਼ਟ ਦੇਵੀ ਦੇ ਅੱਗੇ ਬੇ ਅਰਥ ਹਮਨ ਕਰਵਾਇਆ ਅਰ ਉਸ ਦੀ ਪੂਜਾ ਤੇ ਉਸਤਤਿ ਕੀਤੀ ਇਹ ਸਭ ਨਿਸਫਲ ਤੇ ਅਕਾਰਥ ਗਿਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਸ, ਐਸਾ ਗੁਰੂ ਆਪਨੇ ਸਿੱਖਾਂ ਸਿੰਘਾਂ ਦੇ ਅਗਜਾਨ ਰੂਪੀ ਘੋਰ ਅੰਧਕਾਰ ਨੂੰ ਕਿਉਂ ਕਰ ਨਵਿਰਤ ਕਰਕੇ ਉਨਾਂ ਨੂੰ ਸਤਜ ਗਿਆਨ ਰੂਪੀ ਪ੍ਰਕਾਸ਼ ਥੋਂ ਪ੍ਰਕਾਸ਼ਮਾਨ ਕਰ ਸੱਕਦਾ ਹੈ। ਹੁਣ ਤੁਸੀਂ ਉਸ ਸਤਜ ਤੇ ਤੱਤੁ ਗਜਾਨ ਨੂੰ ਭਲੀ ਪਰਕਾਰ ਥੋਂ ਸੋਚ ਬਿਚਾਰ ਕੇ ਪ੍ਰੀਤ ਨਾਲ ਪੜ੍ਹੋ ਤੇ ਸੁਣੋ ਜੋ ਸ੍ਰੀਗੁਰ ਦੇਵ ਯਿਸੂ ਮਸੀਹ ਸਿਖਾਉਂਦਾ ਅਤੇ ਫਰਮਾਉਂਦਾ ਹੈ ਔਰ ਉਹ ਇਹ ਹੈ॥ ਔਰ ਅਨੰਤਜੀਵਨ ਇਹਹੈ ਕਿ ਉਹ(ਅਰਥਾਤ ਮੇਰੇਸਿੱਖ)ਤੈਨੂੰ ਅਕੇਲਾ ਸਤਜ ਪਰਮੇਸ੍ਵਰ ਅਰ ਤੇਰੇ ਭੇਜੇ ਹੋਏ ਯਿਸੂ ਮਸੀਹ ਨੂੰ ਜਾਨਣ।

ਯੂਹੱਨਾ ਸਿੱਖ ਦੀ ਇੰਜੀਲ ਦਾ ੧੭ ਕਾਂਡ ੩ ਤੁਕ॥

ਇਸ ਲਈ ਕਿ ਪਰਮੇਸ੍ਵਰ ਇੱਕੋ ਹੈ ਔਰ ਪਰਮੇਸ੍ਵਰ ਤੇ ਮਨੁੱਖਾਂ ਦੇ ਵਿੱਚ ਇੱਕ ਮਨੁੱਖ ਵਿਚੋਲਾ ਹੈ ਉਹ ਯਿਸੂ ਮਸੀਹ ਹੈ ਜਿਸਨੈ ਆਪਨੇ ਆਪ ਨੂੰ ਸਭਨਾਂ ਦੇ ਬਦਲੇ ਨਰ ਮੇਧਜ ਯਗਜ ਵਿੱਚ ਦਿੱਤਾ॥

ਤਿਮਤਾਊਸ ਭਗਤ ਦੀ ਪਹਿਲੀ ਪੱਤ੍ਰੀ ੨ ਕਾਂਡ ੫ ਤੇ ੬ ਤੁਕ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਗੁਰਦੇਵ ਯਿਸੂ ਮਸੀਹ ਦਾ ਮੁਖ ਵਾਕਿ

ਕਿ ਜਗਤ ਦਾ ਚਾਨਣ (ਅਰਥਾਤ ਆਤਮਕ ਚਾਨਣ) ਮੈਂ ਹਾਂ ਜੋ ਮੇਰੇ ਮਗਰ ਚੱਲਦਾ ਹੈ ਅਨ੍ਹੇਰੇ (ਅਗਯਾਨ ਰੂਪੀ ਅਨ੍ਹੇਰੇ) ਵਿੱਚ ਨਾ ਚੱਲੇਗਾ ਸਗੋਂ ਜੀਵਨ ਦਾ (ਆ-ਤਮਿਕ ਜੀਵਨ ਦਾ) ਚਾਨਣ ਰੱਖੇਗਾ॥

ਯੂਹੰਨਾ ਸਿੱਖ ਦੀ ਇੰਜੀਲ ੯ ਕਾਂਡ ੧੨ ਤੁਕ॥

ਜੋ ਉਸ ਪਰ ਨਿਸ਼ਚਾ ਕਰਦਾ ਹੈ ਉਸ ਦੇ ਵਾਸਤੇ ਡੰਡ ਦਾ ਹੁਕਮ ਨਹੀਂ ਪਰ ਜੋ ਉਸ ਪਰ (ਯਿਸੂ ਮਸੀਹ ਪਰ) ਬਿਸ਼ਵਾਸ ਨਹੀਂ ਲਿਆਉਂਦਾ ਉਸਦੇ ਲਈ ਡੰਡਦਾ ਹੁਕ-ਮ ਹੋ ਚੁੱਕਿਆ ਕਿਉਂ ਕਿ ਉਹ ਪਰਮੇਸ਼੍ਵਰ ਦੇ ਇਕਲੌਤੇ ਪੁਤ੍ਰ ਦੇ ਨਾਮ ਪਰ (ਯਿਸੂਮਸੀਹ ਦੇ ਨਾਮ ਪਰ) ਬਿਸ਼ਵਾਸ ਨਾ ਲਿਆਇਆ॥ ਅਰ ਡੰਡ ਦੇ ਹੁਕਮ ਦਾ ਕਾਰਨ ਇਹ ਹੈ ਕਿ ਚਾਨਣ ਜਗਤ ਵਿੱਚ ਆਇਆ ਔਰ ਮਨੁੱਖਾਂ ਨੈ ਅਨ੍ਹੇਰੇ ਨੂੰ ਚਾਨਣ ਥੀਂ ਵਧੀਕ ਪਿਆਰ ਕੀਤਾ ਕਿਉਂ ਕਿ ਉਨ੍ਹਾਂ ਦੇ ਕੰਮ ਬੁਰੇ ਸਨ ॥ ਜੋ ਕਿ ਪੁੱਤ੍ਰ ਉੱਤੇ ਨਿਸ਼ਚਾ ਕਰਦਾ ਹੈ (ਅਰਥਾਤ ਯਿਸੂ ਮਸੀਹ ਉੱਤੇ) ਸਦੀਵ ਕਾਲ ਦਾ ਜੀਵਨ ਉਸਦਾਹੈ ਔਰ ਜੋ ਪੁੱਤ੍ਰ ਉੱਤੇ ਬਿਸ਼ਵਾਸ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆਉਂਦਾ ਜੀਵਨ ਕੋ ਨਾ ਵੇਖੇਗਾ ਸਗੋਂ ਪਰਮੇਸ਼ਵਰ ਦਾ ਕਰੋਧ ਉਸ ਪੁਰ ਰਹਿੰਦਾ ਹੈ ॥

ਯੂਹੱਨਾ ਸਿੱਖ ਦੀ ਇੰਜੀਲ ੩ ਕਾਂਡ ੧੯ ਤੇ ੧੯ ਤੇ ੩੭ ਤੁਕ ॥

ਗ੍ਰੰਥ ਵਾਕਿ

ਸਤਿ ਗੁਰ ਪਿੱਛੇ ਭੱਜ ਪਓ ਏਹਾ ਕਰਣੀ ਸਾਰ ।
ਸਤਿਗੁਰ ਖੋਟਿਅਹੁ ਖਰੇ ਕਰੇ ਸ਼ਬਦ ਸਵਾਰਨ ਹਾਰ॥
ਕਹੁ ਨਾਨਕ ਗੁਰ ਇਹੈ ਜਨਾਈ ।
ਬਿਨ ਗੁਰ ਮੁਕਤਿ ਨਾ ਪਾਈਅਹਿ ਭਾਈ ॥

ਇੰਜੀਲ ਗ੍ਰੰਥ ਦਾ ਵਾਕਿ

ਉਪਰੰਦ ਕਿ ਪਰਮੇਸ਼੍ਵਰ ਮੂਰਖਤ ਦੇ ਸਮਿਆਂ ਥੋਂ ਅੱ-ਖੀਆਂ ਫੇਰ ਕੇ ਹੁਣ ਸਭ ਜਾਗਾਂ ਸਭਨਾਂ ਮਨੁੱਖਾਂਨੂੰ ਹੁਕਮ ਦੇਂਦਾ ਹੈ ਕਿ ਤੋਬਾ ਕਰਨ ਕਿਉਂਕਿ ਉਸਨੈ ਇੱਕ ਦਿਨ ਠਹਿਰਾਇਆ ਹੈ ਜਿਸ ਵਿੱਚ ਉਹ ਸਚਾਈ ਨਾਲ ਜਗਤ ਦੀ ਅਦਾਲਤ ਕਰੇਗਾ ਉਸ ਮਨੁੱਖ ਦੀ ਮਾਰਫ਼ਤ ਜਿਸ ਨੂੰ ਉਸਨੇ ਮੁਕੱਰਰ ਕੀਤਾ ਹੈ ਔਰ ਉਸ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰਕੇ ਇਹਬਾਤ ਸਭਨਾ ਪਰ ਸਾਬਿਤਕੀਤੀਹੈ॥

ਰਸੂਲਾਂ ਦੇ ਕਰਤੱਬ ੧੭ ਕਾਂਡ ੩੦ ਤੇ ੩੧ ਤੁਕ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਪ੍ਰਸੰਗ

ਇਸ ਪ੍ਰਸੰਗ ਵਿਖੇ ਗ੍ਰੰਥਾਂ ਦੇ ਵਾਕਾਂ ਵਿੱਚ ਉਹ ਅਸਲੀ ਵਿਰੁਧਤਾਈ ਜਿਸ ਥੋਂ ਗ੍ਰੰਥ ਪਰਮੇਸ਼੍ਵਰ ਸਤਜ ਵਕਤਾ ਦੇ ਵਾਕਿ ਨਹੀਂ ਹੋ ਸੱਕਦੇ ਭਲੀ ਪ੍ਰਕਾਰ ਤੋਂ ਪ੍ਰਗਟ ਕੀਤੀ ਜਾਏਗੀ ॥

ਪ੍ਰਗਟ ਹੋ ਕਿ ਗੁਰੂ ਨਾਨਕ ਦੀ ਸਾਰੀ ਕਬੀਸ਼ਰੀ ਤੇ ਬਾਣੀ ਪਹਿਲੇ ਲੰਡਿਆਂ ਅੱਖਰਾਂ ਵਿੱਚ ਲਿਖੀ ਹੋਈ ਸੀ ਮਗਰੋਂ ਗੁਰੂ ਅੰਗਦ ਨੇ ਗੁਰਮੁਖੀ ਅੱਖਰ ਬਨਾਏ ਫੇਰ ਗੁਰੂ ਅਰਜਨ ਨੇ ਪਹਿਲੇ ਗੁਰੂਆਂ ਦੀ ਸਾਰੀ ਕਵਿਤਾ ਔਰ ਆਪਨੇ ਮਨੋਂ ਬਾਣੀਆਂ ਬਨਾਕੇ ਕਬੀਰ ਆਦਿਕ ਭਗਤਾਂ ਦੇ ਨਾਮ ਦੀ ਕਵਿਤਾ ਕਠੀ ਤੇ ਇਕੱਤ੍ਰ ਕਰਕੇ ਔਰ ਭਾਈ ਗੁਰਦਾਸ ਥੋਂ ਗੁਰਮੁਖੀ ਵਿੱਚ ਲਿਖਵਾ ਕੇ ਆਦਿ ਗ੍ਰੰਥ ਦੀ ਬੀੜ ਬੱਧੀ ॥

ਹੁਣ ਮਾਲੂਮ ਹੋ ਕਿ ਗੁਰੂ ਅੰਗਦ ਆਦਿਕ ਜਿਤਨੇ ਆਦਿ ਗ੍ਰੰਥ ਕੇ ਕਵੀ ਹੈਨ ਉਨਾਂ ਨੇ ਆਪਨੀ ਆਪਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵਿਤਾ ਦਾ ਭੋਗ ਜਗਾਂ ਜਗਾਂ ਗੁਰੂ ਨਾਨਕ ਦੇ ਨਾਮਪਰ ਪਾਇਆ ਹੈ ਔਰ ਆਪਨੀ ਪਛਾਣ ਕੇਵਲ ਮਹਲਾ ੨ ਤੇ ਮਹਲਾ ੩ ਆਦਿਕ ਕਰਕੇ ਲਿਖੀ ਹੈ (ਮਹਿਲਾ ਦਾ ਅਰਥਹੈ ਇਸਤ੍ਰੀ ਤੇ ਬੁੱਢੀ) ਜਿਸ ਥੋਂ ਸਮਝਿਆ ਜਾਂਦਾ ਹੈ ਕਿ ਸਾਰੇ ਗ੍ਰੰਥ ਦੇ ਕਵੀਸ਼ਰ ਗੁਰੂ ਨਾਨਕ ਹੀ ਹੈਨ ਔਰ ਇਹ ਸਤਯ ਨਹੀਂ ਹੈ ਕਿਉਂਕਿ ਗੁਰੂ ਨਾਨਕ ਦੀ ਕਵਿਤਾ ਗ੍ਰੰਥ ਵਿਖੇ ਬਹੁਤ ਥੋੜੀ ਹੈ ॥

ਦੂਜਾ ਇਹ ਕਿ ਗੁਰੂਅਰਜਨ ਆਦਿਕਾਂ ਨੈ ਆਪਨੇ ਮਨੋਂ ਬਾਣੀਆਂ ਬਨਾ ਬਨਾ ਕੇ ਕਬੀਰ, ਸੈਨ, ਸਧਨਾ, ਰਵਿਦਾਸ, ਨਾਮਦੇਉ, ਰਾਮਾਨੰਦ, ਪ੍ਰਮਾਨੰਦ, ਸ਼ੇਖ਼ ਫ਼ਰੀਦ ਆਦਿਕਾਂ ਦੇ ਨਾਮ ਪਰ ਗ੍ਰੰਥ ਵਿਖੇ ਲਿਖ ਦਿੱਤੀਆਂ ਜੋ ਉਨ੍ਹਾਂ ਭਗਤਾਂ ਦੀਆਂ ਉਚਾਰੀਆਂ ਹੋਈਆਂ ਕਦੇ ਨਹੀਂ ਹੈਨ ॥

ਹੁਣ ਗ੍ਰੰਥੀ ਸਿੱਖ ਆਖਦੇ ਹੈਨ ਕਿ ਕਬੀਰ ਆਦਿਕ ਸਾਰੇ ਭਗਤ ਆਪਨਾ ਆਪਨਾ ਅਸਲੀ ਰੂਪ ਧਾਰਕੇ ਗੁਰੂ ਅਰਜਨ ਦੇ ਪਾਸ ਆ ਜਾਂਦੇ ਸਨ ਔਰ ਆਪਨੀ ਆਪਨੀ ਸਾਰੀ ਕਵਿਤਾ ਗੁਰੂ ਅਰਜਨ ਕੋ ਲਿਖਵਾ ਜਾਂਦੇ ਸਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਇਹ ਗੱਲ ਕੇਵਲ ਕਹਿਣ ਮਾਤ੍ਰ ਦੀ ਹੈ ਕਿਉਂ ਕਿ ਇਸਦਾ ਪ੍ਰਮਾਣਿਕ ਸਬੂਤ ਕੋਈ ਨਹੀਂ ਹੈ ॥

ਫੇਰ ਇਹ ਕਿ ਆਪਨਾ ਅਸਲੀ ਰੂਪ ਧਾਰਨਾ ਭਗਤਾਂ ਦੇ ਵੱਸ ਵਿਚ ਨਹੀਂ ਸੀ ਕੀ ਪਤਾ ਹੈ ਕਿ ਭਗਤ ਬਿਚਾਰੇ ਕਿਸ ਕਿਸ ਜੂੰਨ ਵਿੱਚ ਭੌਂਦੇ ਹੋਣਗੇ ॥

ਫੇਰ ਇਹ ਕਿ ਭਗਤਾਂ ਨੂੰ ਗੁਰੂ ਅਰਜਨ ਦੇ ਕੋ-ਲ ਆਉਣ ਦੀ ਤੇ ਆਪਣੀਆਂ ਬਾਣੀਆਂ ਲਿਖਵਾਉਣ ਦੀ ਐਡੀ ਵਡੀ ਲੋੜ ਤੇ ਜ਼ਰੂਰਤ ਹੀ ਕੀ ਸੀ ਕਿਆ ਉਨਾਂ ਦੀ ਕੋਈ ਪੈਲੀ ਤੇ ਖੇਤੀ ਸੁੱਕੀ ਜਾਂਦੀ ਸੀ ?

ਫੇਰ ਇਹ ਕਿ ਕਬੀਰ ਬੰਸ਼ੀ ਬਿਚਾਰ ਵਾਨ ਮਹੰਤ ਆਖਦੇ ਹੈਨ ਕਿ ਜੋ ਕੁਛ ਆਦਿ ਗ੍ਰੰਥ ਮੇਂ ਕਬੀਰ ਜੀ ਦੇ ਵਿਖੇ ਮੇਂ ਲਿਖਿਆ ਹੈ ਉਹ ਸਭੋ ਕਬੀਰਜੀ ਦੀ ਜਨਮ ਸਾਖੀ ਆਦਿਕ ਗ੍ਰੰਥਾਂ ਦੇ ਨਿਰਾ ਹੀ ਬਿਰੁੱਧ ਤੇ ਬਰਖ਼ਿ-ਲਾਫ਼ ਹੈ ਸਗੋਂ ਕਬੀਰ ਜੀ ਦੀ ਨਿਰੀ ਨਿੰਦਾ ਕੀਤੀ ਗਈ ਹੈ ਆਦਿਕ ॥ ਹੁਣ ਇਹੀ ਹਾਲ ਦਸਮ ਗ੍ਰੰਥ ਦਾ ਹੈ ਉਸ ਵਿੱਚ ਭੀ ਕਵਿਯੋ ਵਾਚਿ ਕਵਿਯੋ ਵਾਚਿ ਬਹੁਤ ਲਿਖਿਆ ਹੈ। ਕਹਾਂ ਲਗੈ ਇਹ ਕੀਟ ਬਖਾਨੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਇਹ ਕਿ ਇਸ ਕ਼ਾਇਦੇ ਤੇ ਨਿਯਮ ਨੂੰ ਸਾਰੇ ਵਿਦਯਵਾਨ ਤੇ ਗਯਾਤਾ ਵਾਨ ਤੇ ਵਿਚਾਰ ਵਾਨ ਸਤਯ ਜਾਨਦੇ ਤੇ ਮੰਨਦੇ ਹੈਨ ਕਿ "ਆਪਤ ਵਾਕਿਯੰ ਪ੍ਰਮਾਨੰ" ਅਰਥਾਤ ਯਥਾਰਥ ਵਕਤਾ ਦਾ ਵਾਕਿ ਪ੍ਰਮਾਨ ਹੈ ਔਰ ਯਥਾਰਥ ਵਕਤਾ ਉਹ ਹੈ ਕਿ ਜਿਸ ਦੇ ਵਾਕਿ ਵਿੱਚ ਰੰਚਿਕ ਸਮਾਨ ਅਸਤਯ ਨਾ ਪਾਇਆ ਜਾਵੇ ਜਿਹਾਕੁ ਈਸ਼੍ਵਰ ਸਤਯ ਵਕਤਾ ਹੈ ਇਸੀ ਵਾਸਤੇ ਈਸ਼੍ਵਰ ਦੇ ਵਾਕਿ ਪ੍ਰਮਾਨ ਹੈਨ ॥

ਪਰ ਹੁਣ ਗ੍ਰੰਥਾਂ ਦੇ ਵਾਕਿ ਇਸ ਸਤਯ ਤੇ ਅਟੱਲ ਨਿਯਮ ਥੋਂ ਵਿਰੁੱਧ ਹੈਨ। ਉਨ੍ਹਾਂ ਦਾ ਇੱਕ ਵਾਕਿ ਦੂਜੇ ਵਾਕਿ ਨੂੰ ਖੰਡਨ ਕਰਦਾ ਤੇ ਅਸਤਯ ਬਨਾਉਂਦਾ ਹੈ ਜਿਹਾਕੁ ਹੇਠਲਿਆਂ ਵਾਕਾਂ ਥੋਂ ਪ੍ਰਗਟ ਤੇ ਸਾਬਿਤ ਹੁੰਦਾ ਹੈ ॥

ਆਸਾ ਦੀ ਵਾਰ ਮ: ੧ ॥ ਪਉੜੀ

ਆਪੀ ਨੈ ਭੋਗ ਭੋਗ ਕੈ ਹੋਇ ਭਸਮੜ ਭਉਰੁ ਸਿਧਾਇਆ ॥ ਵੱਡਾ ਹੋਆ ਦੁਨੀਦਾਰ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਨੀ ਕੀਰਤਿ ਵਾਚੀਐ ਬਹਿ ਲੇਖਾ ਕਰ ਸਮਝਾਇਆ ॥ ਥਾਉਂ ਨ ਹੋਵੀ ਪਉਂਦੀਈ ਹੁਣਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣੀਐ ਕਿਆ ਰੂਆਇਆ ॥ ਮਨਿਅੰਧੈ ਜਨਮੁ ਗਵਾਇਆ ॥ ਕੋਲੂ ਚਰਖਾ ਚੱਕੀ ਚੱਕ। ਥਲ ਵਾਰੋਲੇ ਬਹੁਤ ਅਨੰਤੁ॥ਲਾਟੂ ਮਧਾਣੀਆਂ ਅਨਗਾਹ। ਪੰਖੀ ਭਉਂਦੀਆਂ ਲੈਨ ਨ ਸਾਹ ॥ ਸੂਐ ਚਾੜ੍ਹ ਭਵਾਈਅਹਿ ਜੰਤ। ਨਾਨਕ ਭਉਂਦਿਆਂ ਗਣਤ ਨ ਅੰਤ ॥ ਪਾਪੀ ਕਰਮ ਕਮਾਉਂਦੇ ਕਰਦੇ ਹਾਇ ਹਾਇ॥ ਦੁੱਧ ਮਥਨ ਮਧਾਣੀਆਂ ਤਿਉਂ ਮੱਥੇ ਧਰਮਰਾਇ ॥

ਸੁਖਮਨੀ

ਨਰਕ ਸੁਰਗ ਦੋਊ ਭਈ ਕਹਾਵਤ ॥
ਕੋਊ ਨਰਕ ਕੋਊ ਸੁਰਗ ਬਛਾਵਤ ॥
ਕਿਸੈ ਨ ਬਦੈ ਆਪਿ ਅਹੰਕਾਰੀ ॥
ਧਰਮ ਰਾਇ ਤਿਸ ਕਰੈ ਖੁਵਾਰੀ ॥

ਲੇਖੈ ਕਰਤ ਨ ਛੂਟੀਐ ਖਿਨ ਖਿਨ ਭੂਲਨ ਹਾਰ ॥
ਬਖ਼ਸ਼ਨ ਹਾਰਾ ਬਖ਼ਸ਼ ਲੈ ਨਾਨਕ ਪਾਰ ਉਤਾਰ ॥ਆਦਿ

ਹੁਣ ਇਨ੍ਹਾਂ ਵਾਕਾਂ ਨੂੰ ਹੇਠਲੇ ਵਾਕਿ ਖੰਡਨ ਕਰਦੇ ਤੇ ਅਸਤਜ ਬਣਾਉਂਦੇ ਹੈਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖਮਨੀ ਮਃ ੫ ॥

ਜਬ ਅਬਿਗਤ ਅਗੋਚਰ ਪ੍ਰਭ ਏਕਾ ॥
ਤਬ ਚਿਤ੍ਰ ਗੁਪਤ ਕਿਸ ਪੂਛਤ ਲੇਖਾ ॥
ਜਬ ਨਾਥ ਨਰੰਜਨ ਅਗੋਚਰ ਅਗਾਧੇ ॥
ਤਬ ਕਵਨ ਛੁਟੇ ਕਉਨ ਬੰਧਨ ਬਾਧੇ ॥

ਸ਼ਲੋਕ

ਜੀਅ ਜੰਤ ਕੇ ਠਾਕੁਰਾ ਆਪੇ ਵਰਤਨ ਹਾਰ ॥
ਨਾਨਕ ਏਕੋ ਪਸਰਿਆ ਦੂਜਾ ਕਹਿ ਦ੍ਰਿਸਟਾਰ ॥
ਆਪਿ ਕਥੈ ਆਪਿ ਸੁਨਨੈ ਹਾਰ ॥
ਆਪਹਿ ਏਕ ਆਪਹਿ ਬਿਸਥਾਰ ॥

ਸ਼ਲੋਕ

ਨਿਰੰਕਾਰ ਅਕਾਰ ਆਪਿ ਨਿਰਗੁਣ ਸਰਗੁਨ ਏਕ।
ਏਕਹ ਏਕ ਬਖਾਨਨੋ ਨਾਨਕ ਏਕ ਅਨੇਕ ॥

ਦਸਮ ਗ੍ਰੰਥ ਦੋਹਰਾ

ਹਰਿ ਹਰਿ ਜਨ ਦੋਇ ਏਕ ਹੈ ਬਿਬ ਬਿਚਾਰ ਕੁਛ ਨਾਹ।
ਜਲ ਤੇ ਉਪਜ ਤਰੰਗ ਜਿਉਂ ਜਲਹੀ ਬਿਖੈ ਸਮਾਹ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਈ

ਲੋਕ ਚਤਰ ਦਸ ਖੇਲ ਰਚਾਇਓ ।
ਬਹੁਰ ਆਪ ਹੀ ਬੀਚ ਮਿਲਾਇਓ ॥ ਆਦਿਕ,

ਹੁਣ ਇਨਾਂ ਵਾਕਾਂ ਨੂੰ ਹੇਠਲੇ ਵਾਕਿ ਖੰਡਨ ਕਰਦੇ ਤੇ ਅਸਤਯ ਠਹਿਰਾਉਂਦੇ ਹੈਨ ।

ਸ਼ਲੋਕ

ਰੂਪ ਨ ਰੇਖ ਨ ਰੰਗ ਕਿਛੁ ਤ੍ਰਿਹੁ ਗੁਨ ਤੇ ਪ੍ਰਭ ਭਿੰਨ ।
ਤਿਸਹ ਬੁਝਾਏ ਨਾਨਕਾ ਜਿਸ ਹੋਵੈ ਸੁਪ੍ਰਸਿੰਨ ॥

ਬਿਲਾਵਲ ਮਃ ੫ ।

ਰੂਪ ਨ ਰੇਖ ਨ ਪੰਜ ਤਤ ਠਾਕੁਰ ਅਬਿਨਾਸ ।
ਦੋਹੂੰ ਭਾਂਤ ਤੇ ਆਪਿ ਨਿਰਾਰਾ ॥

ਦਸਮ ਗ੍ਰੰਥ ਚੌਪਈ

ਅਲਖ ਰੂਪ ਅਛੈ ਅਨ ਭੇਖਾ ।
ਰਾਗ ਰੰਗ ਜਿਹ ਰੂਪ ਨ ਰੇਖਾ ॥
ਤੁਮ ਸਭ ਹੀ ਤੇ ਰਹਿਤ ਨਿਰਾਲਮ ।
ਜਾਨਤ ਬੇਦ ਭੇਦ ਅਰ ਆਲਮ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵੈਯਾ

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ। ਭੇਦ ਨ ਪਾਇ ਸਕਿਓ ਅਨ ਭੇਦ ਕੋ ਖੇਦਤ ਹੈ ਅਨੁ ਛੇਦ ਪੁਕਾਰੇ । ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗ ਤਿਹਾਰੇ।ਆਦਿ ਅਨਾਦਿ ਅਗਾਧਿ ਅਭੇਖ ਅਦ੍ਵੈਖ ਜਪਿਓ ਤਿਨਹੀ ਕੁਲ ਤਾਰੇ ॥ ਖੋਜ ਥਕੇ ਸਭ ਹੀ ਖੋਜੀਆਸੁਰ ਹਾਰ ਪਰੇ ਹਰਿ ਹਾਥ ਨ ਆਵੈ ॥ ਆਦਿਕ

ਹੁਣ ਇਨ੍ਹਾਂ ਉਤਲਿਆਂ ਵਾਕਾਂ ਦੀ ਅਸਲੀ ਬਿਰੁਧਤਾਈ ਥੋਂ ਭਲੀ ਪਰਕਾਰ ਇਹ ਪ੍ਰਗਟ ਤੇ ਸਾਬਿਤ ਹੁੰਦਾ ਹੈ ਕਿ ਗ੍ਰੰਥ ਈਸ਼੍ਵਰ ਸਤ੍ਯ ਵਕਤਾ ਦੇ ਵਾਕਿ ਨਹੀਂ ਹੈਨ ਕਿ ਜਿਨਾਂ ਤੋਂ ਸਤ੍ਯ ਗ੍ਯਾਨ ਤੇ ਮੁਕਤਿ ਪ੍ਰਾਪਤਿ ਹੋ ਸੱਕੇ ॥

×ਪਰ ਹੁਣ ਜੇਕਰ ਕੋਈ ਗ੍ਰੰਥੀ ਸਾਹਿਬ ਇਹ ਫਰਮਾਵੇ ਕਿ ਗ੍ਰੰਥਾਂ ਵਿਖੇ ਜਗ੍ਯਾਸੀ ਪ੍ਰਤਿ ਭਯਾਨਿਕ, ਰੋਚਕ, ਯਥਾਰਥ ਵਾਕਾਂ ਵਿੱਚ ਉਪਦੇਸ਼ ਕੀਤਾ ਗਿਆ ਹੈ×ਅਰਥਾਤ ਭਯਾਨਿਕ ਵਾਕਾਂ ਮੇਂ ਨਰਕ ਦੀ ਭੈ ਦਿੱਤੀ ਗਈ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਈ ਜਗਯਾਸੀ ਪਾਪ ਕਰਮ ਨ ਕਰੇ ਰੁਚਿਕ ਵਾਕਾਂ ਵਿੱਚ ਸੁਵਰਗ ਦਾ ਲਾਲਚ ਦਿੱਤਾ ਗਿਆ ਹੈ ਤਾਂਕਿ ਜਗਯਾਸੀ ਸੁਕਰਮ ਕਰਕੇ ਆਪਨੀ ਮਲੀਨ ਤੇ ਅਸ਼ੁਧ ਬੁਧਿ ਨੂੰ ਨਿਰਮਲ ਤੇ ਸੁਧ ਕਰੇ। ਯਥਾਰਥ ਤੇ ਮਹਾ ਵਾਕਾਂ ਵਿਖੇ ਬ੍ਰਹਮ ਗਯਾਨ ਦਾ ਉਪਦੇਸ਼ ਕੀਤਾ ਗਿਆ ਹੈ ਤਾਂਕਿ ਜਗਯਾਸੀ ਸਤਿਗੁਰ ਦੁਆਰੇ ਬ੍ਰਹਮ ਗਯਾਨ ਨੂੰ ਪ੍ਰਾਪਤਿ ਕਰਕੇ ਅਪਾਰ ਮੋਖ ਕੋ ਪ੍ਰਾਪਤਿ ਕਰੇ। ਬਸ, ਗ੍ਰੰਥ ਦੇ ਵਾਕਾਂ ਵਿੱਚ ਕੁਛ ਭੀ ਆਪਸ ਦੀ ਵਿਰੁਧਤਾਈ ਤੇ ਬਰਖ਼ਿਲਾਫ਼ੀ ਪਾਈ ਨਹੀਂ ਜਾਂਦੀ ਹੈ ਕੇਵਲ ਸਮਝ ਦਾ ਘਾਟਾ ਹੈ॥

ਜਵਾਬ ਇਸਦਾ ਇਹ ਹੈ ਕਿ ਤੁਹਾਡੇ ਆਖਣ ਮੂਜਬ ਗ੍ਰੰਥਾਂ ਵਿਖੇ ਭਯਾਨਿਕ ਤੇ ਰੁਚਿਕ ਵਾਕਿ ਅਥਵਾ ਕਰਮ ਕਾਂਡ ਤੇ ਉਪਾਸਨਾ ਕਾਂਡ ਇਹ ਦੋ ਹਿੱਸੇ ਅਸਤਯ ਤੇ ਮਿਥਿਯਾ ਹੈਨ ਪਰੰਤੂ ਗ੍ਰੰਥਾਂ ਦੇ ਤਿੰਨਾਂ ਹਿੱਸਿਆਂ ਵਿੱਚੋਂ ਕੇਵਲ ਇੱਕ ਹਿੱਸਹ ਸਤਯ ਹੈ ਜੋ ਬ੍ਰਹਮ ਉਪਦੇਸ਼ ਵਾਲਾ ਯਥਾਰਥ ਕਹਾਉਂਦਾ ਹੈ ਪਰ ਓਹ ਭੀ ਭਲੀ ਪ੍ਰਕਾਰ ਵਿਚਾਰ ਕਰਨ ਥੋਂ ਅਸੱਤਯ ਹੀ ਸਿੱਧ ਹੁੰਦਾ ਹੈ। ਬਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਬਿਤ ਹੋਇਆ ਕਿ ਗ੍ਰੰਥਾਂ ਵਿਖੇ ਇਹ ਉਪਦੇਸ਼ ਸਤ੍ਯ ਨਹੀਂ ਔਰ ਜੋ ਸਤ੍ਯ ਵਾਕਿ ਨਹੀਂ ਉਹ ਈਸ਼ਵਰ ਸਤ੍ਯ ਵਕਤਾ ਦੇ ਵਾਕਿ ਨਹੀਂ ਹੋ ਸੱਕਦੇ ਔਰ ਜੋ ਈਸ਼ਵਰ ਸਤ੍ਯ ਵਕਤਾ ਦੇ ਵਾਕਿ ਨਹੀਂ ਉਹ ਪ੍ਰਮਾਰਥ ਵਿਖੇ ਪ੍ਰ-ਮਾਣ ਤੇ ਗਰਹਿਨ ਨਹੀਂ ਹੋ ਸੱਕਦੇ ਕਿਉਂ ਕਿ ਉਹ ਅਸਤ੍ਯ ਵਾਕਿ ਹੈਨ। ਬਸ, ਨ ਉਨ੍ਹਾਂ ਥੋਂ ਸਤ੍ਯ ਗ੍ਯਾਨ ਪ੍ਰਾਪਤਿ ਹੋ ਸੱਕਦਾ ਹੈ ਔਰ ਨਾ ਜਗ੍ਯਾਸੀ ਅਪਾਰ ਮੋਖ ਨੂੰ ਪ੍ਰਾਪਤ ਕਰ ਸੱਕਦਾ ਹੈ॥ ਆਦਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਪ੍ਰਸੰਗ

—:o:—

ਇਸ ਪ੍ਰਸੰਗ ਮੇਂ ਗ੍ਰੰਥਾਂ ਵਿਖੇ ਲੇਖ ਅਰਥਾਤ ਤਕਦੀਰ ਦਾ ਉਪਦੇਸ਼ ਵਿਖਾ ਕੇ ਉਸਦਾ ਭਲੀ ਪ੍ਰਕਾਰ ਤੋਂ ਖੰਡਨ ਕੀਤਾ ਜਾਵੇਗਾ ॥

ਪ੍ਰਗਟ ਹੋ ਕਿ ਗ੍ਰੰਥਾਂ ਵਿਖੇ ਲੇਖ ਤੇ ਭਾਗਾਂ ਦਾ ਉਪਦੇਸ਼ ਵਡੇ ਜ਼ੋਰ ਨਾਲ ਕੀਤਾ ਗਯਾ ਹੈ ਅਰ ਉਹ ਏਹ ਹੈ,

ਦਖਨੀ ਓਅੰਕਾਰ

ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ ॥

ਬਾਵਨ ਅਖਰੀ ਮਃ ੫ ਸਲੋਕ ੧੯

ਕੁੰਟ ਚਾਰ ਦਹ ਦਿਸਿ ਭ੍ਰਮੇ ਕਰਮ ਕਿਰਤ ਕੀ ਰੇਖ।
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥

ਪਉੜੀ

ਧੁਰਿ ਕਰਮ ਜਿਨਾ ਕਉ ਤੁਧ ਪਾਇਆ ਤਾ ਤਿਨੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਸਮੁ ਧਿਆਇਆ। ਏਨਾਂ ਜੰਤਾਂ ਕੈ ਵਸਿ ਕਿਛੁ ਨਾਹੀਂ ਤੁਧ ਵੇਕੀ ਜਗਤੁ ਉਪਾਇਆ ॥

ਪਉੜੀ

ਕੱਕਾ ਕਾਰਨ ਕਰਤਾ ਸੋਊ।
ਲਿਖਿਓ ਲੇਖ ਨ ਮੇਟਤ ਕੋਊ ॥

ਸੁਖਮਨੀ

ਮਨ ਮੂਰਖ ਕਾਹੇ ਬਿਲ ਲਾਈਐ।
ਪੂਰਬਿ ਲਿਖੇ ਕਾ ਲਿਖਿਆ ਪਾਈਐ ॥

ਮਾਥੈ ਜੋ ਧੁਰਿ ਲਿਖਿਆ ਸੋ ਮੇਟ ਨਾ ਸਾਕੈ ਕੋਇ। ਨਾਨਕ ਜੋ ਲਿਖਿਆ ਸੋ ਵਰਤਦਾ ਸੋ ਬੂਝੈ ਜਿਸਨੂੰ ਨਦਰਿ ਹੋਇ ॥ ਕਰਨ ਕਰਾਵਨ ਆਪਹਿ ਆਪਿ। ਮਾਨੁਸ ਕੈ ਕੁਛ ਨਾਹੀਂ ਹਾਥ ॥ ਆਦਿਕ ॥ ਪ੍ਰਸ਼ਨ ਇਹ ਹੈ ਕਿ ਜਬ ਮਾਨਸ ਕੈ ਕਿਛੁ ਨਾਹੀਂ ਹਾਥ। ਤਾਂ ਫੇਰ ਈਸ੍ਵਰ ਨਜਾਇ ਕਾਰ ਫਲ ਪ੍ਰਦਾਤਾ ਮਾਨਸ ਕੋ ਕਿਉਂ ਅਕਾਰਥ ਜਨਮਾਂ ਵਿਖੇ ਭ੍ਰਮਾਉਂਦਾ ਤ ਭਵਾਉਂਦਾ ਹੈ ਇਹ ਵਡੀ ਬੇਇਨ-ਸਾਫੀ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਸਮਝਨਾ ਤੇ ਬਿਚਾਰ ਕਰਨਾ ਚਾਹੀਦਾ ਹੈ ਕਿ ਜਬ ਪਰਮੇਸ੍ਰ ਅਤਿ ਪਵਿਤ੍ਰ ਪੁਨੀਤਿ ਨਜਾਇਕਾਰ ਆਪ ਹੀ ਪ੍ਰਾਣੀਆਂ ਦੇ ਲੇਖਾਂ ਤੇ ਭਾਗਾਂ ਵਿੱਚ ਲਿਖਕੇ ਪਾਪ ਪੁੰਨ ਆਦਿਕ ਕਰਮ ਕਰਵਾਉਂਦਾਹੈ ਤਾਂ ਭਲਾ ਫੇਰ ਉਹ ਪਵਿਤ੍ਰ ਪੁਨੀਤਿ ਨਿਆਇਕਾਰ ਕਿਥੋਂ ਰਿਹਾ? ਉਹ ਤਾਂ ਅਤਿ ਪਾਪੀਆਂ ਦਾ ਮਹਾ ਪਾਪੀ ਤੇ ਵੱਡੇ ਅਪਵਿਤ੍ਰਾਂ ਦਾ ਅਤਿ ਵੱਡਾ ਅਪਵਿੱਤ੍ਰ ਔਰ ਵੱਡੇ ਅਨਜਾਇਕਾਰਾਂ ਦਾ ਵੱਡਾ ਅਨਜਾਇਕਾਰ ਹੋ ਗਜਾ ਜੋ ਆਪ ਪਾਪ ਕਰਮ ਕਰਵਾ ਕੇ ਪ੍ਰਾਣੀਆਂ ਆਦਿਕਾਂ ਨੂੰ ਅਨਰਥ ਤੇ ਬੇਅਰਥ ਡੰਡ ਦੇਂਦਾ ਹੈ ਇਹਾ ਜਿਹਾ ਅਨੇਰ ਤੇ ਅਨਜਾਯ ਤਾਂ ਇਸ ਜਗਤ ਵਿਖੇ ਕੋਈ ਰਾਜਾ ਤੇ ਮਹਾਰਾਜਾ ਤੇ ਅਦਾ-ਲਤੀ ਭੀ ਨਹੀਂ ਕਰ ਸੱਕਦਾ ਹੈ। ਸਗੋਂ ਪ੍ਰਾਣੀਆਂ ਆਦ-ਕਾਂ ਨੂੰ ਵੱਡੀਆਂ ਤਲਬਾਂ ਤੇ ਤਨਖਾਹਾਂ ਦੇਣੀਆਂ ਚਾਹੀ-ਦੀਆਂ ਸਨ ਕਿਉਂਕਿ ਉਨਾਂ ਨੇ ਉਸਦੀ ਮੱਥੇ ਵਾਲੀ ਲਿਖਤ ਦੇ ਅਨੁਸਾਰ ਸਭੋ ਕਰਮ ਕੀਤੇ ਸਨ ॥

ਦੂਜਾ ਇਹ ਕਿ ਇਹ ਦਯਾ ਔਰ ਨਜਾਇ ਦੇ ਨਿ-ਰਾ ਪੁਰਾ ਬਿਰੁੱਧ ਤੇ ਬਰਖ਼ਿਲਾਫ਼ ਹੈ ਕਿ ਪਰਮੇਸ਼ਵਰ ਬੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥ ਅਰ ਬੇ ਸਬੱਬ ਕਿਸੇ ਦੇ ਲੇਖਾਂ ਵਿੱਚ ਅੱਛੇ ਕਰਮ ਤੇ ਪੂਰਾ ਸੁਖ ਲਿਖ ਦੇਂਦਾ ਹੈ ਅਰ ਕਿਸੇ ਦੇ ਲੇਖਾਂ ਦੇ ਵਿੱਚ ਬੁਰੇ ਤੇ ਖੋਟੇ ਕਰਮ ਤੇ ਹਰ ਪ੍ਰਕਾਰ ਦਾ ਦੁਖ ਲਿਖ ਦੇਂਦਾ ਹੈ ਔਰ ਕਿਸੇ ਨੂੰ ਸੁਖ ਰੂਪ ਤੇ ਕਿਸੇ ਨੂੰ ਦੁਖ ਰੂਪ ਬਣਾ ਦੇਂਦਾ ਹੈ ॥

ਹੁਣ ਦੱਸੋ ਐਸਾ ਪਰਮੇਸ੍ਵਰ ਕਿਆ ਮੰਨਣ ਦੇ ਯੋਗਯ ਹੋ ਸੱਕਦਾ ਹੈ ? ਕਦੇ ਨਹੀਂ ॥

ਬਸ ਇਸ ਥੋਂ ਇਹੀ ਸਿੱਧ ਤੇ ਸਾਬਿਤ ਹੁੰਦਾ ਹੈ ਕਿ ਗ੍ਰੰਥਾਂ ਵਿਖੇ ਲੇਖ ਉਪਦੇਸ਼ ਸਤ੍ਯ ਨਹੀਂ ਹੈ ਔਰ ਗ੍ਰੰਥ ਕੇਵਲ ਮਨੁੱਖ ਕ੍ਰਿਤ ਔਰ ਕਬੀਸ਼ਰੀ ਹਨ ॥

———

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਥਾ ਪ੍ਰਸੰਗ

—:§:—

ਇਸ ਪ੍ਰਸੰਗ ਵਿੱਚ ਗ੍ਰੰਥਾਂ ਦੇ ਜੂੰਨ ਉਪਦੇਸ਼ ਦੀ ਭਲੀ ਪ੍ਰਕਾਰ ਤੋਂ ਬਿਚਾਰ ਕੀਤੀ ਜਾਵੇਗੀ ॥

ਪ੍ਰਗਟ ਹੋ ਕਿ ਜੈਸੇ ਹਿੰਦੂਆਂ ਦੇ ਵੇਦ ਆਦਿਕ ਬਾਰ ਬਾਰ ਜਨਮ ਲੈਣ ਦਾ ਬਿਖਯਾਨ ਕਰਦੇ ਹੈਨ ਵੈਸੇ ਹੀ ਗ੍ਰੰਥ ਭੀ ਜੂੰਨਾਂ ਵਿੱਚ ਭ੍ਰਮਣ ਦਾ ਬਰਣਨ ਕਰਦੇ ਹਨ ਅਰ ਉਹ ਇਹ ਹੈ ॥

ਆਸਾ ਦੀ ਵਾਰ ਪਉੜੀ

ਇਹ ਜੀਉ ਬਹੁਤੇ ਜਨਮ ਭਰਮਿਆ।

ਸ਼ਲੋਕ

ਖਾਤ ਪੀਤ ਖੇਲਤ ਹਸਤ ਭ੍ਰਮੇ ਜਨਮ ਅਨੇਕ।
ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥

(ਅਨੰਦ) ਅਨੇਕ ਜੂਨੀ ਭ੍ਰਮ ਆਵੈ ਵਿਣ ਸਤਿਗੁਰ ਮੁਕਤਿ ਨ ਪਾਇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਮਃ ੫

ਭਈ ਪਰਾਪਤ ਮਾਨੁਖ ਦੇਹੁਰੀਆ ।
ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ ॥

ਭੈਰਉ ਮਃ ੩

ਕਹਤ ਨਾਨਕ ਇਹ ਜੀਉ ਕਰਮ ਬੰਧ ਹੋਈ ।
ਬਿਨ ਸਤਿਗੁਰ ਭੇਟੇ ਮੁਕਤਿ ਨ ਹੋਈ ॥

ਸਿਰੀ ਰਾਗ ਮਃ ੫

ਲਖ ਚਉਰਾਸੀਹ ਭ੍ਰਮਤਿਆਂ ਦੁਲਭ ਜਨਮ ਪਾਇਓਇ

ਦਸਮ ਗ੍ਰੰਥ ਤੋਟਕਛੰਦ

ਜਿੰਹ ਫੋਕਟ ਧਰਮ ਸਬੈ ਤਜ ਹੈ ।
ਇੱਕ ਚਿਤ ਕ੍ਰਿਪਾ ਨਿਧ ਕੋ ਜਪਹੈ ॥
ਤੇਊ ਯਾ ਭਵ ਸਾਗਰ ਕੋ ਤਰਹੈ ।
ਭਵ ਭੂਲ ਨ ਦੇਹ ਪੁਨਰ ਧਰਹੈ ॥

ਸਵੈਯਾ

ਜੇਨਰ ਸ਼੍ਰੀ ਪਤਿ ਕੇ ਪਰਸ ਹੈ ਪਗ ਤੇ ਨਰ ਫੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨ ਦੇਹ ਧਰੇਂਗੇ ॥ ਆਦਿਕ

ਹੁਣ ਜੂਨਾਂ ਵਿੱਚ ਭਰਮਣ ਦਾ ਕਾਰਨ ਤੇ ਕਾ ਇਦਾ ਇਹ ਹੈ ਕਿ ਜਨਮ ਤੋਂ ਕਰਮ ਹੁੰਦੇ ਹੈਨ ਅਰ ਕਰਮਾਂ ਥੋਂ ਜਨਮ ਮਿਲਦਾਹੈ । ਈਸ਼੍ਵਰ ਜੋ ਫਲ ਪ੍ਰਦਾਤ ਹੈ ਉਹ ਕਰਮਾਂ ਅਨੁਸਾਰ ਸ਼ਰੀਰ ਤੇ ਜਨਮ ਦੇ ਦੇਂਦ ਹੈ ਆਪਨੀ ਤਰਫ਼ੋਂ ਉਹ ਕੁਛ ਨਹੀਂ ਕਰ ਸੱਕਦਾ ਹੈ ॥

ਹੁਣ ਇਸ ਕਾਰਨ ਤੇ ਕਾਇਦੇ ਪਰ ਬਿਚਾਰਵਾਨ ਦਾ ਪਹਿਲਾ ਪ੍ਰਸ਼ਨ ਤੇ ਸੰਸਾ ਇਹ ਹੈ ਕਿ—

ਈਸ਼੍ਵਰ ਸ਼ਰੀਰ ਨੂੰ ਸ਼ਾਰੀਰਕ ਜਨਮ ਸ਼ਰੀਰ ਦੇ ਕਰਮ ਅਨੁਸਾਰ ਦੇਦੇਤਾਹੈ ਯਾ ਕਰਮਾਂ ਬਾਝ ਦੇ ਦੇਤਾ ਹੈ ਜੇਕਰ ਕਰਮਾਂ ਬਾਝ ਦੇ ਦੇਤਾ ਹੈ ਤਾਂ ਕਰਮ ਜਨਮ ਦਾ ਕਾਨੂਨ ਅਸਤਯਹੈ ਔਰ ਫੇਰ ਈਸ਼੍ਵਰਦਾ ਹੋਣਾ ਸ਼੍ਰੀਰ ਤੇ ਜਨਮ ਦੇਣ ਤੋਂ ਪਹਿਲੇ ਅਰ ਸਰੀਰ ਤੇ ਜਨਮ ਦਾ ਹੋਣਾ ਈਸ਼੍ਵਰ ਤੋਂ ਪਿੱਛੇ ਸਿੱਧ ਹੋਇਆ ਫੇਰ ਇਸ ਲਈ ਕਿ ਜਗਤ ਦਾ ਹੋਣਾ ਸਰੀਰ ਤੇ ਜਨਮ ਉੱਤੇ ਹੀ ਮੌਕੂਫਹੈ ਅਰ ਸਰੀਰ ਦਾ ਸਿਰਜਨਹਾਰਾ ਤੇ ਜਨਮ ਦਾਤਾ ਈਸ਼੍ਵਰ ਹੈ । ਬਸ ਈਸ਼੍ਵਰ ਦਾ ਅਨਾਦੀ ਤੇ ਜਗਤਦਾ ਸ੍ਰਿਜਨਹਾਰ ਹੋਣਾ ਔਰ ਜਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਆਦੀ ਤੇ ਸਿਰਜਿਆ ਹੋਇਆ ਹੋਣਾ ਖ਼ੂਬ ਸਾਬਿਤ ਹੋਇਆ ॥

ਦੂਜਾ ਇਹ ਕਿ ਪਹਿਲੋਂ ਕਰਮ ਹੈ ਯਾ ਜਨਮ, ਜੇ ਕਹੋ ਕਿ ਪਹਿਲੇ ਕਰਮ ਹੈ ਤਾਂ ਇਹ ਸਤਯ ਨਹੀਂ, ਕਿਉਂਕਿ ਕਰਮ ਤਾਂ ਕਰਤਾ ਦੇ ਜਨਮਤੋਂ ਹੋਤਾਹੈ ਬੇਜਨਮ ਕਰਤਾ ਦੇ ਨਹੀਂ ਹੋਸੱਕਦਾ ਔਰ ਜੇ ਆਖੋ ਕਿ ਪਹਿਲੇ ਜਨਮ ਹੈ ਤਾਂ ਇਹ ਭੀ ਸਤਯਨਹੀਂ ਹੈ ਕਿਉਂਕਿ ਜਨਮ ਤਾਂ ਕਰਮਾਂ ਤੋਂ ਮਿਲਦਾ ਹੈ ਕਰਮਾਂ ਬਿਨਾ ਨਹੀਂ ਮਿਲਸੱਕਦਾ ਔਰ ਜੇ ਕਹੋ ਕਿ ਕਰਮ ਜਨਮ ਤੇ ਕਰਮ ਕਰਤਾ ਜੀਵ ਅਨਾਦੀ ਹੈਨ ਤਾਂ ਇਹਭੀ ਸਤਯਨਹੀਂ ਕਯੋਂਕਿ ਜੇਕਰ ਕਰਮ ਜਨਮ ਤੇ ਕਰਮ ਕਰਤਾ ਜੀਵ ਅਨਾਦੀ ਹੋਵੇ ਤਾਂ ਫੇਰ ਸ਼ਰੀਰਭੀ ਅਵਸ਼ਯ ਅਨਾਦੀ ਹੋਵੇਗਾ ਕਿਉਂਕਿ ਬੇਸ਼ਰੀਰਜਨਮ ਔਰ ਬੇਜਨਮ ਕਰਤਾ ਤੇ ਬੇਕਰਤਾ ਕ੍ਰਿਆ ਔਰ ਬੇਕ੍ਰਿਯਾ ਕਰਮ ਨਹੀਂ ਹੋਸੱਕਦਾ। ਇਹ ਬੁਧੀ ਦੇ ਬਿੱਲਕੁੱਲ ਬਿਰੁੱਧ ਹੈ ਔਰ ਸ਼ਰੀਰ ਅਨਾਦੀ ਹੋ ਨਹੀਂ ਸੱਕਦਾ ਕਿਉਂਕਿ ਸ਼ਰੀਰ ਪੰਜਾਂ ਤੱਤਾਂ ਦਾ ਬਨਿਆ ਹੋਇਆ ਪ੍ਰਨਾਮੀ ਹੈ ਔਰ ਛਿਨ ਛਿਨ ਬਦਲਤਾ ਰਹਿਤਾਹੈ ਔਰ ਸੱਤਾਂ ਵਰ੍ਹਿਆਂ ਵਿੱਚ ਨਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਰੀਰ ਬਣ ਜਾਤਾ ਹੈ ਤੇ ਫੇਰ ਸ਼ਰੀਰ ਦੋਹਾਂ ਅਭਾਵਾਂ ਅਰ-ਥਾਤ ਭੂਤਕਾਲ ਤੇ ਭਵਿਖਤਕਾਲ ਦੇ ਵਿਚਕਾਰ ਕੇਵਲ ਬ੍ਰਤਮਾਨਕਾਲ ਵਿਖੇ ਮੌਜੂਦ ਹੋਤਾਹੈ ਬਸ ਇਸਲਈ ਸ਼੍ਰੀਰ ਅਨਾਦੀ ਨਹੀਂ ਹੋ ਸੱਕਦਾ ਔਰ ਜਦ ਸ਼ਰੀਰ ਅਨਾਦੀ ਨ ਹੋਇਆ ਤਾਂ ਕਰਮ ਜਨਮ ਤੇ ਕਰਮ ਕਰਤਾ ਜੀਵ ਭੀ ਅਨਾਦੀ ਨ ਹੋਏ। ਬਸ ਸਾਬਿਤ ਹੋਯਾ ਕਿ ਜਨਮ ਉਪ-ਦੇਸ਼ ਅਸਤਯ ਹੈ ਸਿਵਾਇ ਇਸਦੇ ਬਿਚਾਰਵਾਨਾਂ ਦੀ ਬਿਚਾਰ ਵਿੱਚ ਈਸ਼੍ਵਰ ਦਾ ਅਨਾਦੀ ਹੋਣਾ ਜਾਤੀ ਹੈ ਔਰ ਜੀਵ ਦਾ ਅਨਾਦੀ ਹੋਣਾ ਸੰਬੰਧੀ ਹੈ ਇਸਲਈ ਜੀਵ ਆਦੀ ਤੇ ਨਵੀਂ ਰਚਨਾ ਹੈ ਔਰ ਪ੍ਰਤਖਯ ਮੇਂ ਪ੍ਰਮਾਨ ਨਹੀਂ ਕਿ ਸਾਰਾ ਜਗਤ ਹਰਦਮ ਬਦਲਦਾ ਰਹਿੰਦਾ ਹੈ ਔਰ ਜੋ ਬਦਲਤਾ ਰਹਿਤਾਹੈ ਉਹ ਆਦੀ ਤੇ ਨਵੀਂ ਰਚਨਾਹੈ ਬਸ ਜਗਤ ਆਦੀ ਤੇ ਨਵੀਂ ਰਚਨਾ ਹੈ ਇਸ ਪਰ ਗ੍ਰੰਥ ਭੀ ਸਾਖੀ ਦੇਤੇ ਹੈਨ—

ਆਸਾ ਮ: ੧

ਜੇਵਡ ਆਪ ਤੇਵਡ ਤੇਰੀ ਦਾਤਿ। ਜਿਨ ਦਿਨਿ ਕਰਕੈ ਕੀਤੀ ਰਾਤਿ। ਖਸਮ ਵਿਸਾਰਹਿ ਤੇ ਕਮਜਾਤਿ॥ ਏਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਤਾਂ ਕੈ ਵਸਿ ਕਿਛੁਨਾਹੀ ਤੁਧ ਵੇਕੀ ਜਗਤ ਉਪਾਇਆ।

ਦਸਮ ਗ੍ਰੰਥ ਚੌਪਈ

ਤੁਮਰਾ ਲਖਾ ਨ ਜਾਇ ਪਸਾਰਾ।
ਕਿਹ ਬਿਧਿ ਸਜਾ ਪ੍ਰਿਥਮ ਸੰਸਾਰਾ ॥ ਆਦਿਕ

ਬਸ, ਇਨ੍ਹਾਂ ਉਤਲਿਆਂ ਪ੍ਰਮਾਣਾਂ ਤੋਂ ਭਲੀ ਪ੍ਰਕਾਰ ਸਾਬਿਤ ਹੁੰਦਾ ਹੈ ਕਿ ਪ੍ਰਿਥਮੇ ਕਰਤਾ ਪੁਰਖ ਕਰਤਾਰ ਨੇ ਆਪਨੀ ਅਪਾਰ ਇਛਿਆ ਅਨੁਸਾਰ ਇਸ ਨਾਨਾ ਪ੍ਰਕਾਰ ਦੀ ਰਚਨਾਨੂੰ ਓਸਦੇ ਕਰਮਾਂਤੋਂ ਬਿਨਾ ਰਚਿਆ ਤੇ ਸਾਜਿਆ ਹੈ,ਬਸ ਜੂਨ ਉਪਦੇਸ਼ ਵੇਦਾਂ ਤੇ ਗ੍ਰੰਥਾਂ ਵਿਖੇ ਅਸਤ੍ਯ ਔਰ ਬੇਅਰਥ ਹੈ॥

ਤੀਜਾ ਇਹ ਕਿ ਕਰਮਾਂ ਦਾ ਹੋਣਾ ਜਨਮ ਉੱਤੇ ਔਰ ਜਨਮ ਦਾ ਹੋਣਾ ਕਰਮਾਂ ਉੱਤੇ ਮੌਕੂਫ ਹੈ ਔਰ ਇਹ ਅੱਨਯੋ ਅਨ੍ਯ ਆਸਰੇ ਹੈ ਔਰ ਇਹ ਮਿਥਿਆ ਹੈ। ਬਸ ਜਨਮ ਉਪਦੇਸ਼ ਮਿਥਿਆ ਹੈ॥

ਚੌਥਾ ਇਹ ਕਿ ਪੜ੍ਹਨਾ ਲਿਖਨਾ ਸੰਸਾਰਕ ਤੇ ਪਰਮਾਰਥਕ ਪਦਾਂ ਪਦਾਰਥਾਂ ਦਾ ਗ੍ਯਾਨ ਧ੍ਯਾਨ ਸਿੱਖਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖਾਉਂਣਾ ਅਗੰਤ ਦਾ ਫਿਕਰ ਕਰਨਾ ਹਰ ਕੰਮ ਵਿੱਚ ਤਰੱਕੀ ਕਰਨਾ ਆਦਿਕ ਇਹ ਸਭ ਮਨੁੱਖ ਜੀਵ ਆਤਮਾ ਦੇ ਜਾਤੀ ਗੁਣ ਹੈਨ। ਬਸ,ਜਦੋਂ ਮਨੁੱਖ ਜੀਵ ਆਤਮਾ ਨੂੰ ਪਸ਼ੂਆਂ ਪੰਛੀਆਂ ਬ੍ਰਿਛਾਂ ਪੱਥਰਾਂ ਆਦਿਕਾਂਦਾ ਜਨਮ ਦੀਆਂ ਜਾਤਾਂ ਹੈਨ ਤਦ ਇਹ ਮਨੁੱਖ ਜੀਵ ਦੇ ਜਾਤੀ ਗੁਣ ਓਨਾਂ ਪਸ਼ੂਆਂ ਆਦਿਕਾਂ ਦੇ ਜਨਮਾਂ ਵਿਖੇ ਪ੍ਰਗਟ ਕਿਉਂ ਨਹੀਂ ਹੁੰਦੇ ਹੈਨ। ਬਸ ਇਸਤੋਂ ਸਾਬਿਤ ਹੈ ਕਿ ਜਨਮ ਉਪਦੇਸ਼ ਅਸੱਤ੍ਯ ਹੈ॥

ਪੰਜਵਾਂ ਇਹ ਕਿ ਜੀਵ ਆਤਮਾ ਤੱਤਸਾਰ ਤੇ ਉਪਾਦਾਨ ਕਾਰਨ ਤੋਂ ਭਿੰਨ ਔਰ ਨਿਰਲੇਪ ਹੈ ਵਧਨਾਘਟਨਾ ਉਸਦੇ ਜਾਤੀ ਗੁਣ ਨਹੀਂ ਹੈਨ ਉਹ ਸਦਾ ਕਾਲ ਇੱਕੋ ਜਿਹਾ ਰਹਿੰਦਾ ਹੈ। ਬਸ ਜਦ ਸੂਰਜ ਚੰਦ ਤਾਰਿਆਂ ਤੇ ਪ੍ਰਿਥਵੀ ਆਦਿਕਾਂ ਦੇ ਸਥੂਲ ਸਰੀਰਾਂ ਵਾਲਿਆਂ ਜੀਵਾਂਨੂੰ ਪ੍ਰਮਾਣੂਆਂ ਤੇ ਅਪਰ ਪ੍ਰਮਾਣੂਆਂ ਤੇ ਜਲ ਦੇ ਸੂਛਮ ਸ਼੍ਰੀਰਾਂ ਵਾਲਿਆਂ ਕੀੜਿਆਂ ਆਦਿਕਾਂ ਦਾ ਜਨਮ ਦੀਯਾ ਜਾਵੇਗਾ ਤਦ ਉਹ ਜੀਵ ਓਨਾਂ ਸੂਛਮ ਸ਼੍ਰੀਰਾਂ ਵਿਖੇ ਕੈਸੇ ਸਮਾ ਸੱਕਣਗੇ ਔਰ ਇਹ ਜਗਤ ਕੈਸੇ ਇਸਥਿਰ ਰਹੇਗਾ ਇਹਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁੱਟ ਫੁਟ ਜਾਵੇਗਾ। ਬਸ ਇਸ ਤੋਂ ਭਲੀ ਪ੍ਰਕਾਰ ਸਾਬਤ ਹੁੰਦਾ ਹੈ ਕਿ ਜੂਨ ਉਪਦੇਸ਼ ਗ੍ਰੰਥਾਂ ਵਿਖੇ ਮਿਥਿਆ ਹੈ॥

ਛਿਵਾਂ ਇਹ ਕਿ ਕਰਮਾਂ ਤੋਂ ਜਨਮ ਅਤੇ ਜਨਮ ਤੋਂ ਕਰਮ ਤਾਂ ਸਦੀਪ ਕਾਲ ਹੋਤੇ ਹੀ ਰਹੇਂਗੇ ਇਸ ਕਰਮ ਜਨਮ ਦੀ ਪੰਗਤੀ ਤੇ ਸੰਗਤੀ ਦਾ ਅੰਤ ਤੇ ਓੜਕ ਕਦੇ ਨ ਹੋਵੇਗਾ ਇਹ ਸਦਾ ਕਾਲ ਐਸੀ ਹੀ ਬਨੀ ਰ ੇਗੀ ਇਸ ਲਈ ਇਸ ਨਾਨਾ ਪ੍ਰਕਾਰ ਦੀ ਰਚਨਾ ਵਾਲੇ ਜਗਤ ਦਾ ਭੀ ਅੰਤ ਤੇ ਓੜਕ ਕਦੇ ਨ ਹੋਵੇਗਾ ਇਹਭੀ ਸਦੀਪਕਾਲ ਐਸਾ ਹੀ ਬਨਾ ਰਹੇਗਾ। ਬਸ ਇਸਤੋਂ ਪ੍ਰਗਟ ਹੁੰਦਾਹੈ ਕਿ ਬ੍ਰਹਮਾ ਬਿਸ਼ਨ ਮਹੇਸ਼ ਤੇ ਦੇਵੀ ਦੇਵਤਿਆਂਆਦਿਕਾਂ ਔਰ ਸਿੱਖਾਂ ਸਿੰਘਾਂ ਤੇ ਗੁਰੂਆਂ ਆਦਿਕਾਂ ਨੇ ਇਸ ਕਰਮ ਜਨਮ ਦੇ ਚੱਕ੍ਰ ਤੇ ਜਾਲ ਤੋਂ ਮੁਕਤ ਕਦੇ ਨ ਪਾਈ ਹੋਵੇ ਗੀ ਔਰ ਨਾਹੀਂ ਕੋਈ ਜੂਨ ਨਿਸ਼ਚੇ ਵਾਲਾ ਪਾ ਸੱਕੇਗਾ ਉਹ ਸਦੀ-ਪ ਕਾਲ ਇਸ ਆਵਾਗਵਨ ਦੇ ਚਕ੍ਰ ਵਿੱਚ ਪਿਆ ਭੌਂਦਾ ਰਹੇਗਾ। ਹੁਣ ਜੇਕਰ ਕੋਈ ਜੂਨ ਮਤ ਵਾਲਾ ਕਹੇ ਕਿ ਬ੍ਰਹਮ ਗਜਾਨ ਤੋਂ ਮੁਕਤ ਪ੍ਰਾਪਤ ਹੋ ਸੱਕਦੀ ਹੈ ਹੋਰ ਕਿਸੇ ਪ੍ਰਕਾਰ ਤੋਂ ਨਹੀਂ ਹੋਸੱਕਦੀ। ਹਾਂ ਇਹ ਤਾਂ ਠੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉੱਤ੍ਰ ਹੈ ਪਰੰਤੂ ਤੁਹਾਡਾ ਬ੍ਰਹਮ ਗਜਾਨ ਤਾਂ ਸਤਜ ਗਜਾਨ ਨਹੀਂ ਹੈ ਕਿਉਂਕਿ ਪ੍ਰਿਥਮੇ ਤਾਂ ਇਹ ਗਜਾਨ ਸਤਜ ਕਰ-ਤਾਰ ਅਕਾਲਪੁਰਖ ਪ੍ਰਮੇਸ੍ਵਰ ਨਿਰਵਿਕਾਰ ਦਾ ਅਗਮ ਗਜਾਨ ਨਹੀਂ ਹੈ ਕੇਵਲ ਮਨੁੱਖ ਬੁਧੀ ਦੇ ਢਕੌਂਸਲੇ ਤੇ ਵੱਪੇ ਹੈਨ। ਦੂਜੇ ਉਸ ਮਨੌਤੀ ਬਨਾਵਟੀ ਬ੍ਰਹਮ ਦੇ ਗੁਣ ਭੀ ਜੀਵ ਆਤਮਾ ਵਿਖੇ ਪਾਏ ਨਹੀਂ ਜਾਤੇ ਹੈਨ ਜਿਹਾਕੁ ਬ੍ਰਹਮ ਸ੍ਰਵਗਜ ਹੈ ਜੀਵ ਅਲਪਗਜ ਹੈ ਬ੍ਰਹਮ ਸੁਤੰਤ੍ਰ ਹੈ ਜੀਵ ਪਤੰਤ੍ਰ ਹੈ। ਬ੍ਰਹਮ ਸਰਬਸ਼ਕਤਿਮਾਨਹੈ ਪਰੰਤੁ ਜੀਵ ਅਲਪ ਸ਼ਕਤਿ ਮਾਨ ਹੈ। ਬ੍ਰਹਮ ਮੁਕਤਿ ਸੁਭਾਵ ਤੇ ਸਦਾ ਸੁਖ ਰੂਪ ਹੈ ਪਰ ਜੀਵ ਹਰ ਪ੍ਰਕਾਰ ਤੋਂ ਬੰਧਰੂਪ ਤੇ ਦੁਖ ਰੂਪ ਹੈ। ਬ੍ਰਹਮ ਸਰਬਵਜਾਪੀ ਹੈ ਪਰ ਜੀਵ ਅਲਪਵਜਾਪੀ ਹੈ। ਬ੍ਰਹਮ ਅਨਾਦੀ ਹੈ ਪਰ ਜੀਵ ਆਦੀ ਹੈ। ਬ੍ਰਹਮ ਬਦਲ ਸਦਲ ਤੋਂ ਰਹਿਤ ਹੈ ਪਰੰਤੁ ਜੀਵ ਜਗਤ ਬਦਲ ਸਦਲ ਦੇ ਸਹਿਤ ਹੈ। ਬ੍ਰਹਮ ਸਰਬ ਵਿਕਾਰ ਤੋਂ ਰਹਿਤ ਹੈ ਅਰ ਜੀਵ ਸਰਬ ਵਿਕਾਰ ਸਹਿਤਹੈ।ਆਦਿਕ॥ਬਸ ਹੁਣ ਜੇਕਰ ਕੋਈ ਪ੍ਰਜਾ ਵਿੱਚੋਂ ਮੂਰਖ ਮਨੁੱਖ ਚੋਰੀਆਂ ਤੇ ਯਾਰੀਆਂ ਖ਼ੂਨ ਤੇ ਖਰਾਬੀਯਾਂ ਆਦਿਕ ਅਵੱਗਿਆਂ ਕਰਕੇ ਔਰ ਬਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਸ਼ਾਹੀ ਕਾਨੂਨ ਭੰਨਕੇ ਇਹ ਸਮਝੇ ਅਰ ਆਖਦਾ ਫਿ-ਰੇ ਕਿ ਮੇਰੇ ਬਾਝ ਕੋਈ ਦੂਜਾ ਹਾਕਿਮ ਨਹੀਂ ਹੈ ਮੈਂ ਆਪ ਹੀ ਪ੍ਰਜਾ ਤੇ ਆਪਹੀ ਕਾਨੂਨ ਹਾਂ ਔਰ ਆਪਹੀ ਕਾਨੂਨ ਭੰਨਣ ਵਾਲਾ ਔਰ ਆਪਹੀ ਅਦਾਲਤੀ ਹਾਕਿਮ ਅਤੇ ਮਹਾਰਾਜਾ ਹਾਂ ਤਾਂ ਉਹ ਇਹ ਸਮਝਣ ਤੇ ਆਖਣ ਦੇ ਕਾਰਨ ਹੋਰ ਭੀ ਵਧੀਕ ਡੰਡ ਦੇ ਯੋਗ ਠਹਿਰੇਗਾ। ਬਸ ਇਹੀ ਹਾਲ ਇਸ ਬ੍ਰਹਮਗਯਾਨ ਵਾਲਿਆਂ ਦਾ ਹੋਵੇਗਾ॥

ਗ੍ਰੰਥ ਵਾਕਿ

ਇਕ ਮੂਲ ਨ ਬੁਝਨ ਆਪਣਾ ਅਣਹੋਂਦਾ ਆਪ ਗਣਾਇਦੇ

ਹੁਣ ਅਦਵੈਤ ਬ੍ਰਹਮ ਤੋਂ ਬਿਨਾਂ ਹੋਰ ਕੋਈ ਪਦਾਰਥ ਹੈ ਹੀ ਨਹੀਂ ਤਾਂ ਫੇਰ ਉਸ ਸਰਬ ਗਯਾਨੀ ਬ੍ਰਹਮ ਨੂੰ ਕਿਸ ਨੇ ਭੁਲੇਖਾ ਦਿੱਤਾ ਹੈ ਕਿ ਉਹ ਭੁੱਲਕੇ ਆਪ ਨੂੰ ਜੀਵ ਸਮਝਣ ਲੱਗ ਪਇਆ ਹੈ ਔਰ ਅਸੁਧ ਅਬੁਧ ਹੋਕੇ ਅਨੇਕ ਦੁਖ ਭੋਗ ਰਿਹਾ ਹੈ॥

ਬਸ ਇਹ ਗਯਾਨ ਕੀ ਹੈ ਮਹਾ ਅਗਯਾਨ ਦਾ ਪੂਰਾ ਬਿਸਥਾਰ ਹੈ ਪਰ ਭਲਾ ਜੇਕਰ ਮੰਨਿਆ ਭੀ ਜਾਵੇ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਬ੍ਰਹਮ ਗਜਾਨ ਸਤਜ ਹੈ ਤਾਂ ਫੇਰ ਇਸ ਮੂਜਬ ਭਾਵੇਂ ਬ੍ਰਹਮ ਗਜਾਨ ਹੋਵੇ ਅਥਵਾ ਨਾ ਹੋਵੇ ਇਹ ਸਾਰੇ ਬ੍ਰਹਮੰਡ ਅਦਵੈਤ ਬ੍ਰਹਮ ਹੀ ਬ੍ਰਹਮ ਹੈਨ ੌਰ ਬ੍ਰਹਮ ਥੋਂ ਬਿਨਾਂ ਹੋਰ ਕੋਈ ਦੂਜਾ ਪਦਾਰਥ ਨਹੀਂ ਹੈ ਔਰ ਬ੍ਰਹਮ ਵਿਖੇ ਕੁਛ ਕਹਿਣਾ ਸੁਣਨਾ ਬਣਦਾ ਨਹੀਂ। ਬਸ ਇਸ ਲਈ ਗ੍ਰੰਥਾਂ ਵਿੱਚ ਜਮਣ, ਮਰਨ, ਪਾਪ, ਪੁੰਨ, ਸੁਕਰਮ ਕੁਕਰਮ, ਸੁਖ, ਦੁਖ, ਮਾਂ, ਪਿਉ, ਭਾਈ, ਭੈਣ, ਪੁਤ੍ਰ, ਧੀ ਆਵਾ, ਗਵਨ, ਗਜਾਨ, ਅਗਜਾਨ, ਸੁਵਰਗ, ਨਰਕ, ਬੰਧ, ਮੋਖ ਆਦਿਕਾਂ ਦਾ ਉਪਦੇਸ਼ ਸਭੋ ਅਸਤਜ ਤੇ ਬੇਅਰਥ ਹੈ॥

ਸੱਤਵਾਂ ਇਹ ਕਿ ਜੇਕਰ ਜੂੰਨ ਉਪਦੇਸ਼ ਸਤਜ ਹੁੰਦਾ ਤਾਂ ਸਾਰੇ ਪ੍ਰਾਣੀਆਂ ਨੂੰ ਆਪਨੇ ਪਹਿਲੇ ਜਨਮਾਂ ਕਰਮਾਂ ਆਦਿਕਾਂ ਦਾ ਸਾਰਾ ਹਾਲ ਚਾਲ ਭਲੀ ਪ੍ਰਕਾਰ ਤੋਂ ਯਾਦ ਤੇ ਚੇਤੇ ਰਹਿੰਦਾ। ਜਿਹਾਕੁ ਬਹੁਤ ਘਰਾਂ ਵਿੱਚ ਰਹਿਣ ਵਾਲੇ ਨੂੰ ਓਨ੍ਹਾਂ ਸਾਰਿਆਂ ਘਰਾਂ ਵਿੱਚ ਆਪਨੇ ਰਹਿਨ ਦਾ ਹਾਲ ਚਾਲ ਚੰਗੀ ਤਰਾਂ ਥੋਂ ਯਾਦ ਤੇ ਚੇਤੇ ਰਹਿੰਦਾ ਹੈ ਤਾਂ ਕਿ ਪਰਾਣੀ ਡਰਕੇ ਤੇ ਭੈ ਕਰਕੇ ਫੇਰ ਵਰਤਮਾਨ ਜਨਮ ਮੈਂ ਬੁਰੇ ਤੇ ਖੋਟੇ ਕਰਮ ਨਾ ਕਰ ਦੇ ਭਲੇ ਤੇ ਅਛੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਮ ਕਰ ਦੇ ॥

ਪ੍ਰਗਟ ਹੋ ਕਿ ਜੈਸੇ ਦੂਰਬੀਨ ਤੇ ਖੁਰਦਬੀਨ ਨਾਲ ਬਾਹਰਲੀਆਂ ਸਥੂਲ ਤੇ ਸੂਛਮ ਵਸਤਾਂ ਦਾ ਪ੍ਰਤਿਬਿੰਬ ਤੇ ਗਜਾਨ ਲਿਆ ਜਾਂਦਾ ਹੈ ਔਰ ਫੇਰ ਉਸ ਪ੍ਰਤਿਬਿੰਬ ਅਰ ਗਜਾਨ ਦਾ ਨਕਸ਼ਾ ਦੂਰਬੀਨ ਤੇ ਖ਼ੁਰਦ-ਬੀਨ ਦੇ ਟੁੱਟ ਫੁੱਟ ਜਾਣ ਨਾਲ ਮਿਟ ਨਹੀਂ ਜਾਤਾ, ਸਦਾ ਸਥਿਰ ਤੇ ਕਾਇਮ ਰਹਿੰਦਾ ਹੈ। ਵੈਸੇ ਹੀ ਜੀਵ ਆਤਮਾ ਆਪਨੀ ਜਾਤਿ ਮੇਂ ਆਪਨੀਆਂ ਦਸ ਇੰਦਰੀਆਂ ਤੇ ਚਤੁਸ਼ਟਾ ਅੰਤਹਕਰਣ ਨਾਲ ਬਾਹਰਲੀਆਂ ਸਥੂਲ ਤੇ ਸੂਛਮ ਵਸਤਾਂ ਦਾ ਪ੍ਰਤਿਬਿੰਬ ਤੇ ਗਜਾਨ ਲੇਤਾ ਹੈ ਔਰ ਫੇਰ ਉਸ ਲੀਏ ਹੋਏ ਪ੍ਰਤਿਬਿੰਬ ਔਰ ਗਜਾਨ ਦਾ ਨਕਸ਼ਾ ਇੰਦਰੀਆਂ ਤੇ ਚਤੁਸ਼ਟਾ ਅੰਤਹਕਰਣ ਦੇ ਟੁੱਟਫੁੱਟ ਜਾਣ ਤੋਂ ਮਿਟ ਨਹੀਂ ਜਾਤਾਹੈ ਉਹ ਸਦਾ ਕਾਇਮ ਤੇ ਬਣਿਆ ਰਹਿਤਾ ਹੈ ਇਸਦੇ ਗੁਵਾਹ ਅੰਨ੍ਹੇ ਆਦਿਕ ਮੌਜੂਦ ਹੈਨ॥

ਬਸ ਪਹਿਲੇ ਜਨਮਾਂ ਕਰਮਾਂ ਦਾ ਯਾਦ ਤੇ ਚੇਤੇ ਨ ਰਹਿਨਾ ਇਸ ਗੱਲ ਨੂੰ ਭਲੀ ਪ੍ਰਕਾਰ ਤੋਂ ਸਿੱਧ ਕਰਦਾ ਹੈ ਕਿ ਗ੍ਰੰਥਾਂ ਵਿਖੇ ਜੂਨ ਉਪਦੇਸ਼ ਸਤਜ ਨਹੀਂ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਠਵਾਂ ਇਹ ਕਿ ਲਖ ਚੌਰਾਸੀ ਜੂਨ ਵਿੱਚ ਭੌਣ ਤੇ ਭ੍ਰਮਣ ਦੇ ਕਾਰਨ ਤੇ ਕਾਇਦੇ ਅਨੁਸਾਰ ਅਵਸ਼ਿ ਹੈ ਕਿ ਚਿੱਤ੍ਰ ਗੁਪਤਿ ਭੀ ਜੂਨਾਂ ਭੋਗਦੇ ਹੋਣਗੇ ਕਿਉਂਕਿ ਉਹ ਪ੍ਰਾਣੀਆਂ ਆਦਿਕਾਂ ਦੇ ਪਾਪ ਪੁੰਨ ਆਦਿਕ ਕਰਮਾਂ ਦਾ ਬਹੀ ਖਾਤਾ ਲਿਖਣ ਦਾ ਨਿਤਯ ਕਰਮ ਕਰਦੇ ਹੈਨ ਔਰ ਧਰਮਰਾਇ ਭੀ ਜੂਨਾਂ ਭੋਗਦਾ ਹੋਵੇਗਾ ਕਿਉਂਕਿ ਉਹ ਪਾਪੀਆਂ ਨੂੰ ਨਰਕ ਵਿੱਚ ਮਥਣ ਦਾ ਨਿਤਯ ਕਰਮ ਕਰਦਾ ਹੈ ॥

ਸਗੋਂ ਈਸ਼੍ਵਰ ਪਰਮੇਸ਼੍ਵਰ ਭੀ ਅਵੱਸ਼ ਜੂਨਾਂ ਵਿੱਚ ਭੌਂਦਾ ਤੇ ਭ੍ਰਮਦਾ ਹੋਵੇਗਾ ਕਿਉਂਕਿ ਉਹ ਜੀਵਾਂ ਨੂੰ ਓਨ੍ਹਾਂ ਦੇ ਕਰਮਾਂ ਦੇ ਅਨੁਸਾਰ ਜਨਮ ਦੇਣ ਦਾ ਨਿਤਯ ਕਰਮ ਕਰਦਾ ਹੈ (ਪਰ ਇਹ ਮਾਲੂਮ ਨਹੀਂ ਕਿ ਜਦ ਈਸ਼ਵਰ ਜੂਨਾਂ ਭੋਗਦਾ ਹੋਵੇਗਾ ਤਦ ਜੀਵਾਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਜਨਮ ਦੇਣ ਦਾ ਨਿਤਯ ਕਰਮ ਕੌਣ ਕਰਦਾ ਹੋਵੇਗਾ ?) ਬਸ ਹੁਣ ਇਸਤੋਂ ਭਲ਼ੀ ਪ੍ਰਕਾਰ ਇਹੀ ਸਿੱਧ ਹੁੰਦਾ ਹੈ ਕਿ ਇਹ ਕਰਮ ਅਤੰਤ ਮਹਾਬਲੀ ਹੈ ਜੋ ਈਸ਼ਵਰ ਕਰਤਾ ਪੁਰਖ ਕਰਤਾਰ ਆਦਿਕ ਸਾਰਿਆਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਵਾਗਵਨ ਵਿੱਚ ਭ੍ਰਮਾਉਂਦਾ ਤੇ ਜੂਨਾਂ ਭੁਗਤਾਉਂਦਾ ਹੈ ਪਰ ਜੇਕਰ ਇਹ ਸਤ੍ਯ ਨਹੀਂ ਤਾਂ ਫੇਰ ਗ੍ਰੰਥਾਂ ਤੇ ਵੇਦਾਂ ਵਿਖੇ ਜੂੰਨ ਉਪਦੇਸ਼ ਭੀ ਸੱਤ੍ਯ ਨਹੀਂ ਹੋਵੇਗਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਵਾਂ ਪ੍ਰਸੰਗ

ਇਸ ਪ੍ਰਸੰਗ ਵਿਖੇ ਗ੍ਰੰਥਾਂ ਥੋਂ ਇਹ ਪ੍ਰਗਟ ਕੀਤਾ ਜਾਵੇਗਾ ਕਿ ਸਾਰੇ ਮਨੁੱਖ ਅਤਿ ਪਾਪੀ ਹੈਨ ਔਰ ਪਾਪੀ ਨਰਕ ਡੰਡ ਬੇਅੰਤ ਪਾਉਣਗੇ ॥

ਬਾਵਨ ਅਖਰੀ

ਸਾਸਿ ਸਾਸਿ ਹਮ ਭੂਲਨ ਹਾਰੇ ।
ਤੁਮ ਸਮਰਥ ਅਗਣਤ ਅਪਾਰੇ ॥
ਸ਼ਰਨਿ ਪਰੇ ਕੀ ਰਾਖ ਦਇਆਲਾ ।
ਨਾਨਕ ਤੁਮਰੇ ਬਾਲ ਗੁਪਾਲਾ ॥

ਗਉੜੀ ਚੇਤੀ ਮ: ੧

ਜੇਤਾ ਸਮੁੰਦ ਸਾਗਰ ਨੀਰਭਰਿਆ ਤੇਤੇ ਅਉਗੁਣ ਹਮਾਰੇ ।

ਬਿਲਾਵਲੁ ਮ: ੫

ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ ।
ਹਮ ਅਵਗਨ ਕਰਹ ਅਸੰਖਨੀਤਿ ਤੁਮਨਿਰਗੁਨਦਾਤਾਰੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਗਟ ਹੋ ਕਿ ਇਨ੍ਹਾਂ ਉਤਲਿਆਂ ਵਾਕਾਂ ਵਿੱਚ ਗੁਰੂ ਨਾਨਕ ਤੇ ਦੂਜੇ ਗੁਰੂ ਆਪਨੇ ਆਪ ਨੂੰ ਸਚਿਆਈ ਤੇ ਸਫਾਈ ਨਾਲ ਸਾਸਿ ਸਾਸਿ ਭੂਲਨ ਹਾਰੇ ਤੇ ਔਗਣਾਂ ਥੋਂ ਸਮੁੰਦ ਸਾਗਰ ਨੀਰ ਦੇ ਤੁਲ ਭਰੇ ਹੋਏ ਮੰਨਦੇ ਹੈਨ। ਪਰੰਤੂ ਸ੍ਰੀ ਗੁਰਦੇਵ ਯਿਸੂ ਮਸੀਹ ਮਨੁੱਖ ਰੂਪੀ ਦਸ਼ਾ ਤੇ ਹਾਲਤ ਵਿਖੇ ਭੀ ਸਭ ਪ੍ਰਕਾਰ ਥੋਂ ਨਿਰਦੋਖ ਨਿਹਕਲੰਕ ਅਤਿ ਪਵਿਤ੍ਰ ਪੁਨੀਤ ਸੀ ਜਿਹਾਕੁ ਹੇਠਲੀਆਂ ਤੁਕਾਂ ਥੋਂ ਸਾਬਿਤ ਹੁੰਦਾ ਹੈ ਔਰ ਉਹ ਇਹ ਹੈ ਕਿ—

ਪਹਿਲੇ ਗੁਰਦੇਵ ਮਸੀਹ ਆਪਨੇ ਬੈਰੀਆਂ ਥੋਂ ਫ਼ਰ-ਮਾਉਂਦਾ ਹੈਃ— ਕੌਣ ਤੁਹਾਡੇ ਵਿੱਚੋਂ ਮੇਰੇ ਉੱਤੇ ਗੁਨਾਹ ਸਾਬਿਤ ਕਰਦਾ ਹੈ ॥

ਯੂਹੱਨਾ ਅਗਮ ਗਯਾਨੀ ਦੀ ਇੰਜੀਲ ੮ ਕਾਂਡ ੪੬ ਤੁਕ।

ਦੂਜੇ ਇਕ ਧਾੜਵੀ ਗੁਵਾਹੀ ਦੇਂਦਾ ਹੈ ਪਰ ਉਸਨੇ (ਅਰਥਾਤ ਗੁਰਦੇਵ ਮਸੀਹ ਨੇ) ਕੋਈ ਔਗਣ ਨਹੀਂ ਕੀਤਾ ॥

ਲੂਕਾ ਦੀ ਇੰਜੀਲ ੨੩ ਕਾਂਡ ੪੧ ਤੁਕ।

ਤੀਜੇ ਅਗਮ ਗਯਾਨੀ ਪੌਲੁਸ ਗੁਵਾਹੀ ਦੇਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨੇ (ਅਰਥਾਤ ਪਰਮੇਸ਼੍ਵਰ ਨੇ) ਉਸਨੂੰ (ਅਰਥਾਤ ਗੁਰਦੇਵ ਮਸੀਹ ਨੂੰ) ਜੇਹੜਾ ਪਾਪ ਦਾ ਜਾਣੂ ਨਾ ਸੀ ਸਾਡੇ ਥਾਂ ਪਾਪ ਠਹਰਾਇਆ ਤਾਂ ਜੋ ਅਸੀ ਉਸ ਵਿੱਚ ਹੋ ਕੇ ਪਰਮੇਸ਼੍ਵਰ ਦਾ ਧਰਮ ਬਣੀਯੇ ॥

੨ ਕੁਰਿੰਥੀਆਂ ਦੀ ਪੱਤ੍ਰੀ ਦਾ ੫ ਕਾਂਡ ੨੧ ਤੁਕ ।

ਚੌਥੇ ਪਤਰਸ ਅਗਮਗ੍ਯਾਨੀ ਗੁਵਾਹੀ ਦੇਂਦਾ ਹੈ। ਉਹਨੇ ਕੋਈ ਪਾਪ ਨਹੀਂ ਕੀਤਾ ਅਤੇ ਨਾ ਉਹਦੇ ਮੂੰਹ ਵਿਚੋਂ ਵਲ ਛਲ ਦੀ ਗੱਲ ਨਿਕਲੀ ਉਹ ਗਾਲੀਆਂ ਖਾਕੇ ਗਾ-ਲੀਆਂ ਨਹੀਂ ਦੇਂਦਾ ਸੀ ਅਤੇ ਦੁਖਪਾਕੇ ਦਬਕਾ ਨਾ ਦੇਂਦਾ ਸੀ ਸਗੋਂ ਆਪਨੇ ਆਪਨੂੰ ਉਹਦੇ ਹੱਥ ਸੌਂਪਦਾ ਸੀ, ਜੇਹੜਾ ਯਥਾਰਥ ਨਿਆਉਂ ਕਰਦਾ ਹੈ ॥

ਪਤਰਸਦੀ ਪਹਿਲੀ ਪੱਤ੍ਰੀ ੨ਕਾਂਡ੨੩-੨੪ਤੁਕ ਆਦਿਕ॥

ਆਸਾ ਦੀ ਵਾਰ ਮਃ ੧ ॥

ਕਲ ਜੁਗ ਰਥਿ ਅਗਨਿ ਕਾ ਕੂੜ ਅਗੈ ਰਥਵਾਹ ॥

ਸ਼ਲੋਕ

ਸ਼ਰਮ ਧਰਮ ਕਾ ਡੇਰਾ ਦੂਰ ।
ਨਾਨਕ ਕੂੜ ਰਹਿਆ ਭਰਪੂਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਰਾਗ ਮ: ੫ ॥ ਰਹਾਉ

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰ ॥

ਰਾਗ ਗਉੜੀ ਪੂਰਬੀ ਮ: ੪ ॥

ਕਾਮ ਕਰੋਧਿ ਨਗਰ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥

ਆਸਾ ਮ: ੧ ॥

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮਭਇਆ । ਪ੍ਰਣਵਤ ਨਾਨਕ ਤਿਨਕੀ ਸ਼ਰਣਾ ਜਿਨ ਤੂੰ ਨਾਹੀ ਵੀਸਰਿਆ ॥

ਆਸਾ ਮ: ੫ ॥ ਰਹਾਉ

ਜਪੁ ਤਪੁ ਸੰਜਮ ਧਰਮ ਨ ਕਮਾਇਆ ।
ਸੇਵਾ ਸਾਧ ਨ ਜਾਨਿਆ ਹਰਿਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ।
ਸ਼ਰਣ ਪਰੇ ਕੀ ਰਾਖਹੁ ਸ਼ਰਮਾ ॥

ਮ: ੧

ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ।
ਗੁਰ ਪੀਰ ਹਾਮਾਂ ਤਾਂ ਭਰੇ ਜਾਂ ਮੁਰਦਾਰ ਨ ਖਾਇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲੀ ਬਿਹਿਸ਼ਤ ਨ ਜਾਈਐ ਛੁਟੈ ਸਚ ਕਮਾਇ ।
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥ ਆਦਿਕ

ਆਸਾ ਦੀ ਵਾਰ ਸ਼ਲੋਕ ਮਃ ੧ ॥

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤ ਵਟੁ ।
ਏਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ ॥
ਨਾ ਏਹੁ ਤੁਟੈ ਨਾ ਮਲ ਲਗੈ ਨਾ ਏਹੁ ਜਲੈ ਨ ਜਾਇ ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚੱਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ।
ਸਿੱਖਾ ਕੰਨਿ ਚੜਾਈਆ ਗੁਰ ਬ੍ਰਾਹਮਣ ਥਿਆ ।
ਓਹੁ ਮੁਆ ਓਹੁ ਝੜ ਪਇਆ ਵੇ ਤਗਾ ਗਇਆ ॥

ਭੈਰਉ ਮਃ ੩

ਜਾਤਿ ਕਾ ਗਰਬ ਨ ਕਰੀਅਹੁ ਕੋਈ ।
ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ ॥ ੧ ॥
ਜਾਤਿ ਕਾ ਗਰਬ ਨ ਕਰ ਮੂਰਖ ਗਵਾਰਾ ।
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ਆਦਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਸ਼ਲੋਕ ਮ: ੧

(ਰਬੁ ਲੇਖਾ ਲਇਗਾ) ਦਰਿ ਲਏ ਲੇਖਾ ਪੀੜ ਛੁਟੈ ਨਾਨਕਾ ਜਿਉ ਤੇਲ ॥

ਲੇਖਾ ਰਬ ਮੰਗੇਸੀਆ ਬੈਠਾ ਕਢ ਵਹੀ ॥

ਲੇਖੇ ਵਿੱਚ ਕੋਈ ਪੂਰਾ ਨਹੀਂ ਉਤਰੇਗਾ ॥

ਬਾਵਨ ਅੱਖਰੀ

ਙਣਤੀ ਙਣੀ ਨਹੀਂ ਕੋਊ ਛੂਟੈ ।
ਕਾਚੀ ਗਾਗਰ ਸਰ ਪਰ ਫੂਟੈ ॥

ਲੇਖੈ ਕਹਿਤ ਨ ਛੂਟੀਐ ਖਿਨਿ ਖਿਨਿ ਭੂਲਨ ਹਾਰ ।
ਬਖ਼ਸ਼ਨ ਹਾਰ ਬਖ਼ਸ਼ ਲੈ ਨਾਨਕ ਪਾਰ ਉਤਾਰ ॥

ਕਰਨੀ ਪੂਰੀ ਕਿਸੇ ਥੋਂ ਕਦੇ ਨਹੀਂ ਹੋ ਸੱਕਦੀ ਹੈ ਕਿਉਂਕਿ ਇਹ ਮਾਰਗ ਅਤਿ ਕਠਿਨ ਹੈ ॥

ਅਨੰਦ

ਖੰਨਿਅਹੁ ਤਿਖੀ ਬਾਲਹੁ ਨਿੱਕੀ ਐਤ ਮਾਰਗ ਚਲਣਾ ।
ਸੱਤੁ ਸੰਤੋਖ ਦਇਆ ਕਮਾਵੈ ਏਹ ਕਰਣੀ ਸਾਰ ।
ਆਪ ਛੋੜ ਸਭ ਹੋਇ ਰੇਣਾ ਜਿਸਦੇ ਪ੍ਰਭੁ ਨਿਰੰਕਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨੜਾ ਮਃ ੫ ॥

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨਬਿਧ ਛੁਟਕਾਰ।
ਗਰਤ ਘੋਰ ਅੰਧਤੇ ਕਾਢਹੁ ਪ੍ਰਭੁ ਨਾਨਕ ਨਦਰਿ ਨਿਹਾਰ॥

ਨਾਮ ਜਪਨ ਤੋਂ ਨਿਸਤਾਰਾ ਤੇ ਪਾਰ ਉਤਾਰਾ ਲਿਖਿਆ ਹੈ॥

ਤਿਲੰਗ ਘਰ ੨ ਮਃ ੫ ॥

ਜਿਨਿ ਜਪਿਆ ਤਿਸ ਕਉ ਬਲਿਹਾਰ ।
ਤਿਸ ਕੈ ਸੰਗਿ ਤਰੈ ਸੰਸਾਰ ॥
ਝਾਲਾਘੇ ਉਠਿ ਨਾਮ ਜਪਿ ਨਿਸਿ ਬਾਸੁਰ ਆਰਾਧਿ।
ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਅਪਾਧਿ॥

ਦਸਮ ਗ੍ਰੰਥ ਟੋਟਕ ਛੰਦ

ਜਿਹ ਫੋਕਟ ਧਰਮ ਸਬੈ ਤਜ ਹੈ।
ਇਕ ਚਿਤ ਕ੍ਰਿਪਾ ਨਿਧ ਕੋ ਜਪ ਹੈ॥
ਤੇਊ ਯਾ ਭਵ ਸਾਗਰ ਕੋ ਤਰ ਹੈ।
ਭਵ ਭੂਲ ਨ ਦੇਹ ਪੁਨਰ ਧਰ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੌਪਈ

ਏਕ ਚਿੱਤ ਜਿੰਹ ਇਕ ਛਿਨ ਧਿਆਇਓ।
ਕਾਲ ਫਾਂਸ ਕੇ ਬੀਚ ਨ ਆਇਓ ॥

ਹੁਣ ਏਨਾਂ ਵਾਕਾਂ ਨੂੰ ਹੇਠਲੇ ਵਾਕਿ ਖੰਡਣ ਕਰਦੇ ਤੇ ਅਸਤਯ ਬਣਾਉਂਦੇ ਹੈਨ ॥

ਕਾਨੜਾ ਮਃ ੫ ॥

ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇਛੁਟਕਾਰ।
ਗਰਤ ਘੋਰ ਅੰਧ ਤੇ ਕਾਢਹੁਪ੍ਰਭਨਾਨਕ ਨਦਰਿ ਨਿਹਾਰ।

ਦਸਮ ਗ੍ਰੰਥ ਕਬਿੱਤ

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪਨਾਥ ਤਾਪਨਾ ਅਨੇਕ ਤਨ ਘਾਇਲ ਸਹਤ ਹੈ। ਜਾਪ ਕੇ ਕੀਏ ਤੇ ਜੋ ਪੈ ਪਾਈਐ ਅਜਾਪ ਦੇਵ ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ ॥

ਕਿਉਂਕਿ ਨਾਮ ਜਪਣ ਤੋਂ ਪਰਮੇਸ਼ੂਰ ਨਯਾਇਕਾਰ ਦਾ ਨਯਾਇ ਪੂਰਾ ਕਦੇ ਨਹੀਂ ਹੋਸੱਕਦਾ ਇਸਲਈ ਕੋਈ ਨਾਮ ਜਪਣ ਥੋਂ ਕਦੇ ਨਹੀਂ ਬਚ ਸੱਕਦਾ। ਬਸ,ਹਰਿਨਾਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪ ਕੇ ਮੁਕਤਿ ਨੂੰ ਪ੍ਰਾਪਤਿ ਕਰਨ ਦਾ ਉਪਦੇਸ਼ ਗ੍ਰੰਥਾਂ ਵਿਖੇ ਅਸਤਯ ਹੈ ॥

ਪਾਪੀਆਂ ਨੂੰ ਨਰਕ ਡੰਡ ਬੇਅੰਤ ਮਿਲੇਗਾ ॥

ਆਸਾ ਦੀ ਵਾਰ ਮ: ੧

ਕੋਲੂ ਚਰਖਾ ਚੱਕੀ ਚੱਕ ।
ਥਲ ਵਾਰੋਲੇ ਬਹੁਤ ਅਨੰਤੁ ॥
ਲਾਟੂ ਮਧਾਣੀਆ ਅਨਗਾਹ ।
ਪੰਖੀ ਭਉਂਦੀਆਂ ਲੈਨ ਨ ਸਾਹ ।
ਸੂਐ ਚਾੜਿ ਭਵਾਈਅਹਿ ਜੰਤ ।
ਨਾਨਕ ਭਉਂਦਿਆਂ ਗਣਤ ਨ ਅੰਤ । ਆਦਿਕ

ਹੁਣ ਇਸ ਪ੍ਰਸੰਗ ਥੋਂ ਇਹੀ ਸਿੱਧ ਤੇ ਸਾਬਿਤ ਹੁੰਦਾ ਹੈ ਕਿ ਗ੍ਰੰਥਾਂ ਵਿਖੇ ਮੁਕਤਿ ਨੂੰ ਪ੍ਰਾਪਤਿ ਕਰਨ ਦਾ ਕੋਈ ਮਾਰਗ ਤੇ ਯਤਨ ਐਸਾ ਨਹੀਂ ਬਰਣਨ ਕੀਤਾ ਗਿਆ ਹੈ ਕਿ ਜਿਸ ਥੋਂ ਪਰਮੇਸ਼ਵਰ ਨਯਾਇਕਾਰ ਦਾ ਨਯਾਇ ਔਰ ਦਯਾ ਪੂਰੇ ਹੋ ਜਾਣ ਔਰ ਪਾਪੀ ਮਨੁੱਖ ਮੁਕਤਿ ਭੀ ਪਾ ਜਾਣ। ਬਸ, ਇਹ ਇਕ ਵੱਡਾ ਭਾਰੀ ਸਬੂਤ ਹੈ ਕਿ ਗ੍ਰੰਥ ਪਰਮੇਸ੍ਵਰ ਦੇ ਅਗਮ ਗਯਾਨ ਥੋਂ ਲਿੱਖੇ ਨਹੀਂ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਨ ਕੇਵਲ ਮਨੁੱਖ ਦੀ ਸੁਭਾਵਿਕ ਅਨੁਭਵ ਔਰ ਅੰਤ੍ਰ ਬਿਵੇਕ ਦੇ ਪ੍ਰਕਾਸ਼ ਨਾਲ ਲਿੱਖੇ ਗਏ ਹੈਨ ॥

ਹੁਣ ਪ੍ਰਗਟ ਹੋ ਕਿ ਬੈਬਲ ਨਾਮ ਸਤਜਗ੍ਰੰਥ ਵਿੱਚ ਮਨੁੱਖ ਦੀ ਅਨੰਦ ਰੂਪ ਸਦੀਵਿਕ ਮੁਕਤਿ ਦਾ ਭਲੀ ਪ੍ਰਕਾਰ ਤੋਂ ਯਤਨ ਔਰ ਉਪਦੇਸ਼ ਕੀਤਾ ਗਿਆ ਹੈ ਔਰ ਇਹ ਬੈਬਲ ਗ੍ਰੰਥ ਦਾ ਪਰਮੇਸ੍ਵਰ ਦੇ ਅਗਮ ਗਜਾਨ ਥੋਂ ਲਿੱਖੇ ਜਾਣ ਦਾ ਇਕ ਵੱਡਾ ਭਾਰੀ ਪ੍ਰਮਾਨਕ ਸਬੂਤ ਹੈ। ਔਰ ਉਸ ਵਿੱਚੋਂ ਇੰਜੀਲ ਗ੍ਰੰਥ ਦੇ ਏਹ ਵਾਕਿ ਹੈਨ ॥

ਇਸ ਲਈ ਕਿ ਪਰਮੇਸ੍ਵਰ ਇੱਕੋ ਹੈ ਅਰ ਪ੍ਰਮੇਸ੍ਵਰ ਤੇ ਮਨੁਖਾਂ ਦੇ ਵਿੱਚ ਇੱਕ ਮਨੁਖ ਵਿਚੋਲਾ ਹੈ ਉਹ ਯਿਸੂ ਮਸੀਹ ਹੈ। ਜਿਸਨੇ ਆਪਣੇ ਆਪਨੂੰ ਸਭਨਾਂ ਦੇ ਬਦਲੇ ਨਰਮੇਧ ਯੱਗ ਵਿੱਚ ਦਿੱਤਾ ॥

ਤਿਮਤਾਊਸ ਭਗਤ ਦੀ ਪਹਿਲੀ ਪੱਤ੍ਰੀ ੨ ਕਾਂਡ ੫ ਤੇ ੬ ਤੁਕ ॥

ਦੋਹਰਾ

ਬ੍ਰਿਛਾ ਫਲੇ ਨ ਆਪਕੋ ਨਦੀ ਨਾ ਅਚਵੇ ਨੀਰ।
ਪਰਸ੍ਵਾਰਥ ਕੇ ਕਾਰਣੇ ਸੰਤਨ ਧਰੇ ਸ਼ਰੀਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਹਰਾ

ਬਿਨਾ ਕਹੇ ਹੂੰ ਸਤ ਪੁਰਖ ਪਰ ਕੀ ਪੂਰੇ ਆਸ।
ਕੌਨ ਕਹਿਤ ਹੈ ਸੂਰ ਕੋ ਘਰ ਘਰ ਕਰਤ ਪਰਕਾਸ਼॥

ਹੁਣ ਸ੍ਰੀਗੁਰਦੇਵ ਯਿਸੂ ਮਸੀਹ ਵੱਡੇ ਪਰੇਮ ਤੇ ਪਜ਼ਾਰ ਨਾਲ ਸਭਨਾਂ ਮਨੁੱਖਾਂ ਨੂੰ ਅਪਾਰ ਮੁਕਤਿ ਦੇਣ ਵਾਸਤੇ ਆਪਨੇ ਪਾਸ ਬੁਲਾਉਂਦਾ ਤੇ ਫਰਮਾਉਂਦਾ ਹੈ ਕਿ ਹੇ ਸਭ ਲੋਕੋ ਜੋ ਵੱਡੇ ਬੋਝ ਦੇ ਹੇਠ ਦੱਬੇ ਹੋਇ ਹੋ ਮੇਰੇ ਪਾਸ ਆਓ ਤਾਂ ਮੈਂ ਤੁਹਾਨੂੰ ਅਰਾਮ ਦੇਵਾਂਗਾ ਮੇਰਾ ਜੂਲਾ (ਉਪਦੇਸ਼ ਰੂਪੀ ਜੂਲਾ) ਆਪਣ ਉੱਤੇ ਲੈ ਲਓ ਔਰ ਮੈਥੋਂ ਸਿੱਖੋ ਕਿਉਂਕਿ ਮੈਂ ਕੋਮਲ ਅਤੇ ਦਿਲਦਾ ਗਰੀਬ ਹਾਂ ਤਾਂ ਤੁਸੀਂ ਆਪਨਿਆਂ ਦਿਲਾਂ ਵਿੱਚ ਅਨੰਦ ਪਾਓਗੇ ਕਿਉਂਕਿ ਮੇਰਾ ਜੂਲਾ ਹੌਲਾ ਅਰ ਮੇਰਾ ਬੋਝ ਹਲਕਾ ਹੈ॥

ਲਿਪਾਰੀ ਮੱਤੀ ਅਗਮ ਗਜ਼ਾਨੀ ਦੀ ਇੰਜੀਲ ਦਾ ੧੧ ਕਾਂਡ ੨੮ ਤੇ ੨੯ ਤੁਕ॥

ਗ੍ਰੰਥ ਵਾਕਿ

ਜਿਸ ਮਿਲਿਐ ਮਨ ਹੋਇ ਅਨੰਦ ਸੋ ਸਤਿਗੁਰ ਕਹੀਐ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਲਾਵਲ ਮਃ ੫

ਮਹਾ ਵਿਕਾਰ ਘੋਰ ਦੁਖ ਸਾਗਰ ਤਿਸ ਮਹਿ ਪਰਾਨੀ ਗਲਤ ਪਇਆ । ਸਰਨਿ ਪਰੇ ਨਾਨਕ ਸੁਆਮੀ ਕੀ ਬਾਂਹ ਪਕੜ ਪ੍ਰਭ ਕਾਢਿ ਲਇਆ ॥ ਆਦਿਕ

ਪਰਮੇਸ਼ਵਰ ਨੇ ਆਪਨੇ ਪੁਤ੍ਰ ਯਿਸੂ ਕੋ ਉਠਾਕੇ ਪਹਿਲੇ ਤੁਹਾਡੇ ਪਾਸ ਭੇਜਿਆ ਕਿ ਤੁਸਾਂ ਵਿੱਚੋਂ ਹਰ ਏਕ ਨੂੰ ਉਸਦੀ ਬੁਰਿਆਈਆਂ ਥੋਂ ਮੋੜਕੇ ਬਰ(ਬਰਕਤ) ਦੇਵੇ ॥

ਰਸੂਲਾਂ ਦੇ ਕਰਤਬਾਂ ਦਾ ੩ ਕਾਂਡ ੨੬ ਤੁਕ ॥

ਯਿਸੂ ਨੇ ਉਹਨੂੰ ਆਖਿਆ ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕਲ ਨਹੀਂ ਆਉਂਦਾ ॥

ਅਗਮ ਗਯਾਨੀ ਯੁਹਨਾ ਦੀ ਇੰਜੀਲ ਦਾ ੧੪ ਕਾਂਡ ੬ ਤੁਕ ॥

ਔਰ ਕਿਸੇ ਦੂਜੇ ਥੋਂ ਮੁਕਤਿ ਨਹੀਂ (ਅਰਥਾਤ ਮਸੀਹ ਦੇ ਬਾਝ) ਕਿਉਂਕਿ ਅਕਾਸ਼ ਦੇ ਹੇਠ ਮਨੁੱਖਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਦੂਜਾ ਨਾਮ ਬਖ਼ਸ਼ਿਆ ਨਹੀਂ ਗਿਆ ਜਿਸ ਥੋਂ ਅਸੀ ਮੁਕਤਿ ਪਾ ਸੱਕੀਏ ॥

ਰਸੂਲਾਂ ਦੇ ਕਰਤਬਾਂ ਦਾ ੪ ਕਾਂਡ ੧੨ ਤੁਕ ॥

ਯਿਸੂ ਦਾ ਅਰਥ ਹੈ ਮੁਕਤਿ ਦਾਤਾ ॥

ਮਸੀਹ ਦਾ ਅਰਥ ਹੈ ਮੁਕਤਿ ਦੇਣ ਲਈ ਮੁਕਰੱਰ ਕੀਤਾ ਗਿਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੇਵਾਂ ਪ੍ਰਸੰਗ

ਇਸ ਪ੍ਰਸੰਗ ਮੇਂ ਗ੍ਰੰਥਾਂ ਤੋਂ ਇਹ ਭਲੀ ਪ੍ਰਕਾਰ ਪ੍ਰਗਟ ਕੀਤਾ ਜਾਵੇਗਾ ਕਿ ਕੱਚੇ ਗੁਰੂ ਬਹੁਤ ਹੈਨ ਜਿਨਾਂ ਤੋਂ ਮੁਕਤਿ ਪ੍ਰਾਪਤਿ ਨਹੀਂ ਹੋ ਸੱਕਦੀ ਪਰ ਸਤਜਗੁਰ ਸੂਰਜ ਸਮਾਨ ਇੱਕੋ ਹੈ ਜਿਸਥੋਂ ਸਤਜ ਗਜਾਨ ਅਰ ਮੁਕਤਿ ਪ੍ਰਾਪਤਿ ਹੋ ਸੱਕਦੀ ਹੈ॥

ਹੁਣ ਇਸ ਵਿੱਚ ਕੁਛ ਸੰਦੇਹ ਨਹੀਂ ਹੈ ਕਿ ਗ੍ਰੰਥਾਂ ਵਿਖੇ ਕੱਚੇ ਗੁਰੂਆਂ ਦਾ ਤੇ ਸਤਜ ਗੁਰੂਆਂ ਦਾ ਨਿਰਣਾ ਤੇ ਬਰਣਨ ਤਾਂ ਅੱਛਾ ਕੀਤਾਗਿਆ ਹੈ ਪਰੰਤੂ ਗ੍ਰੰਥ ਸਤਿ ਗੁਰ ਉਸੀ ਨੂੰ ਆਖਦੇ ਹੈਨ ਜੋ ਵੇਦਾਂਤ ਅਨੁਸਾਰ ਬ੍ਰਹਮ ਗਜਾਨ ਦਾ ਉਪਦੇਸ਼ਿਕ ਹੋਵੇ॥

ਹੁਣ ਕੱਚੇ ਗੁਰੂਆਂ ਦਾ ਬ੍ਰਿਤਾਂਤ ਇਹ ਹੈ॥

ਬਾਵਨ ਅਖਰੀ

ਕੇਤੇ ਮਾਤ ਪਿਤਾ ਸੁਤਿ ਧੀਆ।
ਕੇਤੇ ਗੁਰ ਚੇਲੇ ਫੁਨਿ ਹੂਆ।
ਕਾਚੇ ਗੁਰ ਤੇ ਮੁਕਤਿ ਨ ਹੂਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮ:੧

ਸੁਣ ਵੇਖਹੁ ਲੋਕਾ ਇਹੁ ਵਿਡਾਣ ।
ਮਨ ਅੰਧਾ ਨਾਉ ਸੁਜਾਣ ॥

ਸ਼ਲੋਕ

ਗਿਆਨ ਵਿਹੂਣਾ ਗਾਵੈ ਗੀਤ ।
ਭੁੱਖੇ ਮੁੱਲਾਂ ਘਰੇ ਮਸੀਤ ॥
ਮਨ ਖੱਟੂ ਹੋਕੇ ਕੰਨ ਪੜਾਏ ।
ਫਕਰ ਕਰੇ ਹੋਰ ਜਾਤ ਗਵਾਏ ॥
ਗੁਰ ਪੀਰ ਸਦਾਏ ਮੰਗਣ ਜਾਇ ।
ਤਾਕੈ ਮੂਲ ਨ ਲਗੀਏ ਪਾਇ ॥
ਘਾਲ ਖਾਇ ਕਿਛੁ ਹੱਥੋਂ ਦੇਇ ।
ਨਾਨਕ ਰਾਹ ਪਛਾਣਹਿ ਸੇਇ ॥

ਦਸਮ ਗ੍ਰੰਥ ਚੌਪਈ

ਜੋ ਕੋਈ ਹੋਤ ਭਯੋ ਜਗ ਸਯਾਨਾ ।
ਤਿਨ ਤਿਨ ਅਪਨੋ ਪੰਥ ਚਲਾਨਾ ॥
ਪਰਮ ਪੁਰਖ ਕਿਨਹੂੰ ਨ ਪਾਯੋ ।
ਬੈਰ ਬਾਦ ਹੰਕਾਰ ਬਢਾਯੋ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਨ ਜਿਨ ਤਨਕ ਸਿੱਧ ਕੋ ਪਾਯੋ।
ਤਿਨ ਤਿਨ ਅਪਨਾ ਰਾਹ ਚਲਾਯੋ॥ ਆਦਿਕ

ਹੁਣ ਪ੍ਰਗਟ ਹੋ ਕਿ ਸਤਜਗੁਰ ਦੇ ਗੁਣ ਤੇ ਕਰਮ ਤਾਂ ਗ੍ਰੰਥ ਵਿਖੇ ਬਹੁਤ ਲਿੱਖੇ ਹੈਨ ਜੋ ਸਿੱਖਾਂ ਦੇ ਗੁਰੂਆਂ ਵਿੱਚੋਂ ਕਿਸੇ ਵਿੱਚ ਪਾਏ ਨਹੀਂ ਜਾਂਦੇ ਹੈਨ ਪਰੰਤੁ ਬਿਚਾਰ ਕਰਨ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਸਾਰੇ ਗੁਣ ਤੇ ਕਰਮ ਕੇਵਲ ਗੁਰਦੇਵ ਯਿਸੂ ਮਸੀਹ ਵਿੱਚ ਪਾਏ ਜਾਂਦੇ ਹੈਨ ਕਿਉਂਕਿ ਗੁਰਦੇਵ ਯਿਸੂ ਮਸੀਹ ਪੂਰਾ ਪਰਮੇਸ਼ਰ ਔਰ ਪਾਪ ਆਦਿਕ ਸਰਵ ਦੋਖ ਤੋਂ ਰਹਿਤ ਅਤਿ ਪਵਿੱਤ੍ਰ ਪੂਰਾ ਮਨੁੱਖ ਇੱਕ ਰੂਪ ਮੇਂ ਜਗਤ ਕਾ ਉਧਾਰ ਤੇ ਨਿਸਤਾਰ ਕਰਨ ਵਾਸਤੇ ਪ੍ਰਗਟ ਹੋਇਆ ਹੈ ਔਰ ਮਸੀਹ ਨਾਮ ਦਾ ਇਹੀ ਸਿਧਾਂਤ ਹੈ ਕਿ ਗੁਰ ਪ੍ਰਮੇਸ੍ਵਰ ਇਕੋ ਜਾਣ॥

ਆਸਾ ਦੀ ਵਾਰ ਪਉੜੀ

ਸਤਿਗੁਰ ਵੱਡਾ ਕਰ ਸਾਲਾਹੀਐ।
ਜਿਸ ਵਿੱਚ ਵੱਡੀਆਂ ਵਡਿਆਈਆਂ॥
ਸਹਿ ਮੇਲੇ ਤਾਂ ਨਦਰੀਂ ਆਈਆਂ।
ਜਾਂ ਤਿਸ ਭਾਣਾ ਤਾਂ ਮਨ ਵਸਾਈਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਬਿਚਾਰ ਦੇ ਨੇਤ੍ਰਾਂ ਥੋਂ ਦੇਖ ਲਓ ਕਿ ਇਹ ਸਾਰੀਆਂ ਵੱਡੀਆਂ ਵਡਿਆਈਆਂ ਗੁਰਦੇਵ ਯਿਸੂ ਮਸੀਹ ਵਿੱਚ ਪਾਈਆਂ ਜਾਂਦੀਆਂ ਹੈਨ ॥

ਕਿਉਂਕਿ ਪਰਮੇਸ਼੍ਵਰਤਾਈ ਦੀ ਸਾਰੀ ਸੰਪੂਰਨਤਾਈ ਉਸੀ ਵਿੱਚ [ਅਰਥਾਤ ਮਸੀਹ ਵਿੱਚ] ਦੇਹੀ ਧਾਰਨ ਹੋ ਰਹੀ ਹੈ ॥

ਇੰਜੀਲ ਵਿਖੇ ਕੁਲਸੀਆਂ ਦੀ ਪਤ੍ਰੀ ੨ ਕਾਂਡ ੯ ਤੁਕ ॥

ਬਿਲਾਵਲ ਮਃ ੫

ਸਤਿਗੁਰ ਪੂਰਾ ਭੇਟਿਆ ਜਿਨ ਬਣਤ ਬਣਾਈ ॥
ਸ਼ਬਦੋਂ ਧਰਤੀ ਸ਼ਬਦੋਂ ਅਕਾਸ਼ ।
ਸ਼ਬਦੋਂ ਸ਼ਬਦ ਭਇਆ ਪ੍ਰਕਾਸ਼ ॥
ਸਗਲੀ ਸਰਿਸ਼ਟ ਸ਼ਬਦ ਕੈ ਪਾਛੈ ।
ਨਾਨਕ ਸ਼ਬਦ ਘਟੀ ਘਟਿ ਆਛੈ ॥

ਹੁਣ ਇਹ ਸਾਰੀ ਬਣਤ ਗੁਰ ਦੇਵ ਯਿਸੂ ਮਸੀਹ ਥੋਂ ਬਣੀ ਹੈ ਔਰ ਸ਼ਬਦ ਨਾਮ ਭੀ ਗੁਰ ਦੇਵ ਯਿਸੂ ਮਸੀ-ਹ ਦਾ ਹੈ ਜੈਸਾ ਕਿ ਯੂਹੰਨਾ ਸਿੱਖ ਦੀ ਇੰਜੀਲ ਦੇ ਪਹਿਲੇ ਕਾਂਡ ਦੀਆਂ ਪਹਿਲੀਆਂ ਚਾਰ ਤੁਕਾਂ ਵਿਖੇ ਲਿੱਖਿਆ ਹੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਿਥਮੇ ਬਚਨ ਸੀ ਅਰ ਬਚਨ ਪਰਮੇਸ਼੍ਵਰ ਦੇ ਸੰਗ ਸੀ ਔਰ ਬਚਨ ਪਰਮੇਸ਼੍ਵਰ ਸੀ ਇਹੋ ਪ੍ਰਿਥਮੇ ਪਰਮੇਸ਼੍ਵਰ ਦੇ ਸੰਗ ਸੀ ਸਭ ਕੁਛ ਉਸ ਥੋਂ ਰਚਿਆ ਗਿਆ ਔਰ ਰ-ਚਨਾ ਵਿਖੇ ਇੱਕ ਵਸਤੁ ਭੀ ਉਸਥੋਂ ਬਿਨਾਂ ਰਚੀ ਨਹੀਂ ਗਈ। ੧੪ ਤੁਕ॥ ਔਰ ਉਸ ਬਚਨ ਨੇ ਦੇਹੀਧਾਰੀ ਅਤੇ ਕ੍ਰਿਪਾ ਤੇ ਸਚਿਆਈ ਨਾਲ ਭਰਪੂਰ ਹੋਕੇ ਸਾਡੇ ਵਿੱਚ ਵਾਸ ਕੀਤਾ ॥

ਫੇਰ ਕੁਲਸੀਆਂ ਦੀ ਪਤ੍ਰੀ ਦੇ ਪਹਿਲੇ ਕਾਂਡ ਦੀ ੧੬ ਤੁਕ ਵਿੱਚ ਲਿੱਖਿਆ ਹੈ। ਕਿਉਂਕਿ ਅਕਾਸ਼ ਤੇ ਧ-ਰਤੀ ਉਤਲੀਆਂ ਸਾਰੀਆਂ ਵਸਤਾਂ ਉਸਤੋਂ (ਅਰਥਾਤ ਗੁਰਦੇਵ ਯਿਸੂ ਮਸੀਹ ਥੋਂ) ਉਤਪਤਿ ਹੋਈਆਂ ਕਿਆ ਦਿਸਣ ਵਾਲੀਆਂ ਕਿਆ ਨਾ ਦਿਸਣ ਵਾਲੀਆਂ ਵਸਤਾਂ ਕਿਆ ਤਖਤ ਕਿਆ ਹੁਕੂਮਤਾਂ ਕਿਆ ਸਰਦਾਰੀਆਂ ਕਿਆ ਮੁਖ਼ਤਜਾਰੀਆਂ ਸੱਭੋ ਉਸਥੋਂ ਔਰ ਉਸੀ ਦੇ ਵਾਸਤੇ ਉਤਪਤਿ ਹੋਈਆਂ ਹੈਨ ॥

ਦਸਮ ਗ੍ਰੰਥ ਚੌਪਈ

ਆਦਿ ਅੰਤ ਏਕੈ ਅਵਤਾਰਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਈ ਗੁਰੂ ਸਮਝੀਅਹੁ ਹਮਾਰਾ ॥
ਨਮਸਕਾਰ ਤਿਸਹੀ ਕੋ ਹਮਾਰੀ ।
ਸਕਲ ਪ੍ਰਜਾ ਜਿਨ ਆਪ ਸਵਾਰੀ ॥

ਪ੍ਰਗਟ ਹੋ ਕਿ ਇਹ ਆਦਿ ਅੰਤਿ ਅਵਤਾਰਾ ਭੀ ਨਿਸੰਦੇਹ ਕੇਵਲ ਗੁਰ ਦੇਵ ਯਿਸੂ ਮਸੀਹ ਹੈ ॥

ਜੈਸਾ ਕਿ ਇੰਜੀਲ ਗ੍ਰੰਥ ਵਿੱਚ ਪ੍ਰਕਾਸ਼ ਨਾਮਿਕ ਗੁਟਕੇ ਦੇ ਪਹਿਲੇ ਕਾਂਡ ਦੀ ੯ ਤੁਕ ਮੇਂ ਗੁਰਦੇਵ ਯਿਸੂ ਮਸੀਹ ਦੀ ਬਾਬਤ ਲਿੱਖਿਆ ਹੈ ਭਈ ਪ੍ਰਭੂ ਐਉਂ ਫ਼ਰਮਾਉਂਦਾ ਹੈ ਕਿ ਮੈਂ ਅਲਫ਼ਾ ਤੇ ਓਮੇਗਾ ਆਦਿ ਔਰ ਅੰਤ ਹਾਂ ਜੋ ਹੈ ਔਰ ਥਾ ਔਰ ਆਨੇ ਵਾਲਾ ਹੈ ॥

ਜੁਨਾਨੀ (ਯੂਨਾਨੀ) ਅਖਰਾਂ ਵਿਖੇ ਆਦਿ ਦੇ ਅੱਖਰ ਦਾ ਨਾਮ ਅਲਫ਼ਾ ਹੈ ਔਰ ਅੰਤ ਦੇ ਅਖਰ ਦਾ ਨਾਮ ਓਮੇਗਾ ਹੈ, ਅਰਥ ਇਸਦਾ ਇਹ ਹੈ ਕਿ ਗੁਰ ਦੇਵ ਯਿਸੂ ਮਸੀਹ ਫ਼ਰਮਾਉਂਦਾ ਤੇ ਸਮਝਾਉਂਦਾ ਹੈ ਕਿ ਜਗਤ ਦੇ ਆਦਿ ਵਿੱਚ ਭੀ ਮੈਂ ਸੀ ਔਰ ਜਗਤ ਦੇ ਅੰਤ ਵਿਖੇ ਭੀ ਮੈਂ ਹਾਂ, ਅਰਥਾਤ ਜਗਤ ਦਾ ਸਿਰਜਨ ਹਾਰਾ ਔਰ ਅੰਤ ਕਰਨਵਾਲਾ ਮੈਂ ਹੀ ਹਾਂ। ਅਰ ਨਿਸੰਦੇਹ ਧਰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਈ ਦਾ ਭੇਤ ਵੱਡਾ ਹੈ ਅਰਥਾਤ ਪਰਮੇਸ਼੍ਵਰ ਦੇਹੀ ਵਿੱਚ ਪ੍ਰਗਟ ਹੋਇਆ ॥

ਤਿਮਤਾਊਸ ਭਗਤ ਦੀ ਪਹਿਲੀ ਪਤ੍ਰੀ ੩ ਕਾਂਡ ੧੬ ਤੁਕ॥

ਸੁਖਮਨੀ ਸਲੋਕ

ਸਤਿ ਪੁਰਖ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ ।
ਤਿਸ ਕੈ ਸੰਗ ਸਿਖ ਉਧਰੈ ਨਾਨਕ ਹਰਿ ਗੁਣ ਗਾਉ ॥

ਪ੍ਰਗਟ ਹੋ ਕਿ ਸਤਜ ਪੁਰਖ ਦਾ ਭਲੀ ਪ੍ਰਕਾਰ ਜਾਨਣੇ ਵਾਲਾ ਮਨੁੱਖ ਰੂਪੀ ਦਸ਼ਾ ਤੇ ਹਾਲਤ ਮੇਂ ਕੇਵਲ ਗੁਰ ਦੇਵ ਯਿਸੂ ਮਸੀਹ ਹੈ ਜਿਹਾਕੁ ਉਹ ਆਪ ਫ਼ਰਮਾਉਂਦਾ ਹੈ। ਔਰ ਕੋਈ ਪੁੱਤ੍ਰ ਕੋ (ਅਰਥਾਤ ਮੈਨੂੰ) ਨਹੀਂ ਜਾਣਦਾ ਪਰ ਪਿਤਾ (ਅਰਥਾਤ ਪਰਮੇਸ਼੍ਵਰ) ਔਰ ਕੋਈ ਪਿਤਾ ਕੋ (ਅਰਥਾਤ ਪਰਮੇਸ਼੍ਵਰ ਕੋ) ਨਹੀਂ ਜਾਣਦਾ ਪਰ ਪੁੱਤ੍ਰ ਔਰ ਉਹ (ਜਾਣਦਾ ਹੈ) ਕਿ ਜਿਸ ਪੁਰ ਪੁੱਤ੍ਰ ਉਸ ਕੋ ਪ੍ਰਗਟ ਕਰਨਾ ਚਾਹੇ ॥

ਮੱਤੀ ਸਿੱਖ ਦੀ ਇੰਜੀਲ ੧੧ ਕਾਂਡ ੨੭ ਤੁਕ ॥

ਸਿਰੀਰਾਗ ਮਃ ੫ ॥ ਰਹਾਉ ॥

ਕਾਮਿ ਕਰੋਧ ਅਹੰਕਾਰ ਮਾਤੇ ਵਿਆਪਿਆ ਸੰਸਾਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਗ ਗਉੜੀ ਪੂਰਬੀ ਮਃ ੫

ਕਾਮਿ ਕਰੋਧ ਨਗਰ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।

ਹੁਣ ਪ੍ਰਤਖਯ ਮੇਂ ਪ੍ਰਮਾਨ ਨਹੀਂ ਕਿ ਸਾਰੇ ਮਨੁੱਖ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿਕ ਆਤਮਿਕ ਬੰਧਨਾਥੋਂ ਔਰ ਕੁਲਲਾਜ ਜਗਤਲਾਜ ਅਸਤਯ ਗ੍ਰੰਥ ਤੇ ਪੰਥਲਾਜ ਸ਼ਰੀਰਕ ਬੰਧਨਾ ਥੋਂ ਚੰਗੀਤਰਾਂ ਬੰਨ੍ਹੇ ਹੋਏ ਹੈਨ ਔਰ ਆਪ ਇਨਾਂ ਬੰਧਨਾ ਥੋਂ ਨਿਰਬੰਧ ਕਦੇ ਨਹੀਂ ਹੋ ਸੱਕਦੇ ਔਰ ਨ ਸਿੱਖਾਂ ਤੇ ਸਿੰਘਾਂ ਦੇ ਗੁਰੂ ਇਨ੍ਹਾਂ ਬੰਧਨਾਂ ਤੋਂ ਨਿਰਬੰਧ ਕਰ ਸੱਕਦੇ ਹੈਨ ਸਗੋਂ ਆਪਨੇ ਹੋਰ ਬੰਧਨ ਪਾਉਂਦੇ ਹੈਨ। ਬਸ ਇਹ ਧਰਮ ਸਤਯਗੁਰ ਦਾ ਹੈ॥

ਦੋਹਰਾ

ਬਹੁ ਬੰਧਨ ਸੇ ਬੰਧਿਆ ਏਕ ਬਿਚਾਰਾ ਜੀਉ।
ਨਹੀਂ ਛੂਟੇ ਬਲ ਆਪਨੇ ਜੋ ਨ ਛੁੜਾਵੇ ਪੀਉ॥

ਗ੍ਰੰਥ ਵਾਕਿ

ਸਤਿ ਗੁਰ ਸਿੱਖ ਕੈ ਬੰਧਨ ਕਾਟੈ।
ਗੁਰਕਾ ਸਿੱਖ ਵਿਕਾਰ ਤੇ ਹਾਟੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਨੜਾ ਮਃ ੫॥

ਜਾਪ ਤਾਪ ਨੇਮ ਸੁਚਿ ਸੰਜਮ ਨਾਹੀਂ ਇਨ ਬਿਧੇ ਛੁਟਕਾਰਾ
ਗਰਤ ਘੋਰ ਅੰਧ ਤੇ ਕਾਢਹੁ ਪ੍ਰਭੁ ਨਾਨਕ ਨਦਰਿ ਨਿਹਾਰਾ
ਪੰਜੇ ਬਧੇ ਮਹਾ ਬਲੀ ਕਰ ਸੱਚਾ ਢੋਇਆ॥

ਸ਼ਲੋਕ

ਤਨ ਮਨ ਧਨ ਅਰਪਓ ਤਿਸੈ ਪ੍ਰਭੂ ਮਿਲਾਵੈ ਮੋਹ।
ਨਾਨਕ ਭ੍ਰਮ ਭਉ ਕਾਟੀਐ ਚੂਕੇ ਜਮ ਕੀ ਜੋਹ॥
ਮਨ ਬੇਚੈ ਸਤਿਗੁਰ ਕੈ ਪਾਸ। ਤਿਸ ਸੇਵਕ ਕੇ ਕਾਰਜ ਰਾਸ॥

ਹੁਣ ਭਲੀ ਪ੍ਰਕਾਰ ਤੋਂ ਸੋਚ ਬਿਚਾਰ ਕਰਕੇ ਦੇਖ ਲਓ ਕਿ ਉਹ ਸਤਯ ਗੁਰ ਜੋ ਬੰਧਨਾਂ ਨੂੰ ਕੱਟਨਵਾਲਾ ਹੈ ਕੇਵਲ ਗੁਰਦੇਵ ਯਿਸੂਮਸੀਹ ਹੈ। ਜੈਸਾਕਿ ਉਹ ਫ਼ਰਮਾਉਂਦਾ ਹੈ। ਮੈਂ ਤੁਹਾਨੂੰ ਸਤਯ ਸਤਯ ਆਖਦਾ ਹਾਂ ਜੋ ਕੋਈ ਪਾਪ ਕਰਦਾ ਹੈ ਉਹ ਪਾਪ ਦਾ ਗੁਲਾਮ ਹੈ ਔਰ ਗੁਲਾਮ ਸਦਾ ਘਰ ਵਿੱਚ ਨਹੀਂ ਰਹਿੰਦਾ ਪੁਤ੍ਰ ਸਦਾ ਰਹਿੰਦਾ ਹੈ। ਬਸ ਜੇਕਰ ਪੁਤ੍ਰ (ਅਰਥਾਤ ਮੈਂ) ਤੁਹਾਨੂੰ ਨਿਰਬੰਧ ਕਰਾਂਗਾ ਤਾਂ ਤੁਸੀ ਠੀਕ ਨਿਰਬੰਧ ਹੋਵੋਗੇ॥

ਯੂਹੰਨਾ ਸਿੱਖਦੀ ਇੰਜੀਲ ੮ ਕਾਂਡ ੩੪ ਤੇ ੩੫ ਤੇ ੩੬ ਤੁਕ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਸ ਹੁਣ ਗੁਰਦੇਵ ਯਿਸੂ ਮਸੀਹ ਦੇ ਸਿੱਖ ਨਿਰਬੰਧ ਤੇ ਅਨੰਦ ਰੂਪ ਹੋਕੇ ਆਖਦੇ ਹੈਨ ॥

ਬੰਧਨ ਤੋਰ ਭਏ ਨਿਰਵੈਰ ।
ਅਨਿ ਦਿਨ ਪੂਜਹਿ ਗੁਰਕੇ ਪੈਰ ॥

ਗ੍ਰੰਥ ਵਾਕ

ਅੰਧੇ ਏਹ ਨ ਆਖੀਅਨ ਜਿਨ ਮੁਖ ਲੋਇਨ ਨਾਹਿ ।
ਅੰਧੇ ਸੇਈ ਨਾਨਕਾ ਜੋ ਖ਼ਸਮੋਂ ਘੁੱਥੇ ਜਾਹਿ ॥

ਧਨਾਸਰੀ ਮਃ ੯

ਗੁਰਮਤਿ ਸੁਨਿ ਕੁਛ ਗਿਆਨ ਨ ਉਪਜਿਓ ਪਸ ਜਿਉ
ਉਦਰੁ ਭਰਉ ।

ਆਸਾ ਦੀ ਵਾਰ ਮਃ ੨

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜ਼ਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ ॥ ਆਦਿ

ਹੁਣ ਸੋਚ ਬਿਚਾਰ ਕੇ ਨੇਤ੍ਰ ਖੋਲਕੇ ਵੇਖ ਲਓ ਕਿ ਆਤਮਿਕ ਰੂਪੀ ਨੇਤ੍ਰ ਦੇਣ ਵਾਲਾ ਔਰ ਸਤ੍ਯ ਗ੍ਯਾਨ ਥੋਂ ਅੰਤਹਕ੍ਰਰਣ ਕੋ ਪ੍ਰਕਾਸ਼ਮਾਨ ਕਰਨ ਵਾਲਾ ਸਤ੍ਯ ਗੁਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਗੁਰਦੇਵ ਯਿਸੂਮਸੀਹਹੈ ਜੈਸਾਕਿ ਉਹ ਫ਼ਰਮਾਉਂਦਾ ਹੈ। ਕਿ ਜਗਤ ਦਾ ਪ੍ਰਕਾਸ਼ (ਅਰਥਾਤ ਆਤਮਿਕ ਰੂਪੀ ਪ੍ਰਕਾਸ਼) ਮੈਂ ਹਾਂ ਜੋ ਮੇਰੇ ਮਗਰ ਚਲਦਾ ਹੈ ਅਨ੍ਹੇਰੇ ਵਿੱਚ (ਅਗਜਾਨਰੂਪੀ ਅਨ੍ਹੇਰੇ ਵਿੱਚ) ਨਾ ਚੱਲੇਗਾ ਸਗੋਂ ਜੀਵਨ ਦਾ (ਆਤਮਿਕ ਜੀਵਨ ਦਾ) ਪ੍ਰਕਾਸ਼ ਪਾਵੇਗਾ ॥

ਯੂਹੱਨਾ ਸਿੱਖ ਦੀ ਇੰਜੀਲ ੮ ਕਾਂਡ ੧੨ ਤੁਕ ॥

ਬਸ, ਹੁਣ ਗੁਰਦੇਵ ਮਸੀਹ ਦਾ ਸੱਚਾ ਸਿੱਖ ਸੱਤਜ ਗਜਾਨਰੂਪੀ ਨੇਤ੍ਰ ਪ੍ਰਾਪਤ ਕਰਕੇ ਔਰ ਅਤਿ ਅਨੰਦ ਨਾਲ ਪ੍ਰਸੰਨ ਹੋਕੇ ਐਉਂ ਆਖਦਾ ਹੈ ॥

ਗਿਆਨ ਅੰਜਨ ਗੁਰਦੀਆ ਅਗਿਆਨ ਅੰਧੇਰ ਬਿਨਾਸ।
ਹਰਿ ਕ੍ਰਿਪਾ ਤੇ ਸੰਤ ਭੇਟਿਆ ਨਾਨਕ ਮਨ ਪ੍ਰਗਾਸ ॥

ਗੁਰੂ ਪਦ ਦੇ ਅਰਥ ਭੀ ਇਹੀ ਹੈਨ। ਗੋ, ਅਰਥ ਅੰਧੇਰਾ। ਰੂ, ਅਰਥ ਪ੍ਰਕਾਸ਼। ਬਸ ਜੋ ਅੰਤਹਕਰਣ ਦੇ ਅਗਿਆਨ ਰੂਪੀ ਅੰਧੇਰੇ ਨੂੰ ਗਿਆਨ ਰੂਪੀ ਪ੍ਰਕਾਸ਼ ਤੋਂ ਪ੍ਰਕਾਸ਼ਮਾਨ ਕਰੇ, ਉਹ ਗੁਰੂ ਹੈ ॥

ਅਰ ਉੱਤੇ ਵਾਲੇ ਗ੍ਰੰਥ ਵਾਕਿ ਦਾ ਇਹੀ ਅਰਥ ਪ੍ਰਸਿੱਧ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥ ਵਾਕਿ ਬਾਵਨ ਅੱਖਰੀ ਸ਼ਲੋਕ

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।
ਮ੍ਰਿਤਕ ਕਹੀਅਹਿ ਨਾਨਕਾ ਜਿਹ ਪ੍ਰੀਤ ਨਹੀਂ ਭਗਵੰਤ॥

ਪ੍ਰਗਟ ਹੋ ਕਿ ਸਾਰੇ ਮਨੁੱਖ ਜਨਮ ਸੁਭਾਉ ਤੋਂ ਐਸੇ ਹੀ ਆਤਮਿਕ ਮ੍ਰਿਤਕ ਹੈਨ, ਬਸ ਗੁਰ ਦੇਵ ਮਸੀਹ ਐਸੇ ਹੀ ਮ੍ਰਿਤਕਾਂ ਨੂੰ ਜਿਵਾਲਣਦੇ ਵਾਸਤੇ ਫਰਮਾਉਂਦਾਹੈ। ਮੈਂ ਤੁਹਾਨੂੰ ਸਤਜਸਤਜ ਆਖਦਾ ਹਾਂ ਕਿ ਉਹਘੜੀ ਆਉਂਦੀ ਹੈ ਸਗੋਂ ਹੁਣੇਹੈ ਕਿ ਮ੍ਰਿਤਕ ਪਰਮੇਸ਼ੁਰ ਦੇ ਪੁਤ੍ਰ ਦਾ ਅਰਥਾਤਮੇਰਾ ਸਬਦਸੁਣਨਗੇ ਔਰਜੋਸੁਣਨਗੇਓਹ ਜੀਵਨਗੇ॥

ਯੂਹੱਨਾ ਲੇਖਿਕ ਦੀ ਇੰਜੀਲ ੫ ਕਾਂਡ ਤੁਕ ॥

ਸਗੋਂ ਓਸਨੂੰ (ਗੁਰਦੇਵ ਮਸੀਹ ਨੂੰ) ਅਦਾਲਤ ਕਰਨ ਦਾ ਭੀ ਇਖਤਜਾਰ ਬਖ਼ਸ਼ਜਾ,ਇਸਲਈ ਕਿ ਓਹ ਮਨੁੱਖ ਦਾ ਪੁਤ੍ਰ ਹੈ ॥

ਯੂਹੱਨਾ ਦੀ ਇੰਜੀਲ ੫ ਕਾਂਡ ੨੭ ਤੁਕ ॥

ਅਨੰਦ,ਹੁਣ ਜੋ ਕੋਈ ਚਾਹੇ ਗੁਰਦੇਵ ਯਿਸੂਮਸੀਹ ਪਰ ਨਿਸ਼ਚਾ ਕਰਕੇ ਆਤਮਿਕ ਜੀਵਨਪ੍ਰਾਪਤਿ ਕਰਲਏ ਔਰ ਜੋ ਕੋਈ ਨਾ ਚਾਹੇ ਓਹ ਮ੍ਰਿਤਕ ਰਹੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ੍ਰੰਥ ਵਾਕਿ ਪਉੜੀ

ਸਤਿ ਗੁਰ ਮਿਲੈ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹ ਚੁਕਾਇਆ। ਉਤਮੁ ਏਹੁ ਬੀਚਾਰ ਹੈ ਜਿਨਿ ਸਚੇ ਸਿਉ ਚਿਤ ਲਾਇਆ। ਜਗ ਜੀਵਨ ਦਾਤਾ ਪਾਇਆ॥

ਆਸਾ ਦੀ ਵਾਰ ਸ਼ਲੋਕ ਮਃ ੧

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

ਹੁਣ ਬਿਚਾਰ ਕਰਨਤੋਂ ਮਲੂਮ ਹੁੰਦਾ ਹੈ ਕਿ ਇਹ ਮਨੁੱਖਾਂ ਥੋਂ ਦੇਵਤੇ ਬਨਾਉਣ ਵਾਲਾ ਭੀ ਗੁਰ ਦੇਵ ਯਿਸੂ ਮਸੀਹ ਹੈ। ਜੈਸਾ ਕਿ ਉਸ ਦੇ ਵਿਸ਼ੇ ਮੇਂ ਲਿਖਿਆ ਹੈ। ਪਰ ਜਿਤਨਿਆਂ ਨੇ ਉਸਕੋ (ਅਰਥਾਤ ਗੁਰਦੇਵ ਯਿਸੂ ਮਸੀਹ ਕੋ) ਗ੍ਰਹਿਣ ਕੀਤਾ ਉਸ ਨੇ (ਅਰਥਾਤ ਗੁਰ ਦੇਵ ਮਸੀਹ ਨੇ) ਉਨ੍ਹਾਂਨੂੰ ਮਕਦੂਰ ਦਿੱਤਾ ਕਿ ਪਰਮੇਸ਼੍ਵਰ ਦੇ ਪੁੱਤ੍ਰ ਹੋਣ ਅਰਥਾਤ ਉਨਕੋ ਜੋ ਉਸਦੇ ਨਾਮ ਪੁਰ (ਗੁਰ ਦੇਵ ਮਸੀਹ ਦੇ ਨਾਮ ਪੁਰ) ਵਿਸ਼ਵਾਸ਼ ਲਿਆਉਂਦੇ ਹੈਨ॥

ਯੂਹੱਨਾ ਲਿਖਾਰੀ ਦੀ ਇੰਜੀਲ ੧ ਕਾਂਡ ੧੨ ਤੁਕ॥

CC-0. In Public Domain. Gurukul Kangri Collection, Haridwar
पुस्तकालय
गुरुकुल काँगड़ी

Digitized by Arya Samaj Foundation Chennai and eGangotri

ਹੁਣ ਹੇ ਪ੍ਰੇਮੀ ਜਨੋ ! ਤੁਸੀਂ ਭੀ ਗੁਰ ਦੇਵ ਯਿਸੂ ਮਸੀਹ ਪੁਰ ਭਲੀ ਪ੍ਰਕਾਰ ਤੋਂ ਸੋਚ ਬਿਚਾਰ ਕਰਕੇ ਨਿਸ਼ਚਾ ਕਰੋ ਤਾਂ ਕਿ ਉਹ ਤੁਹਾਨੂੰ ਭੀ ਮਨੁੱਖਾਂ ਥੋਂ ਦੇਵਤੇ ਸਗੋਂ ਪਰਮੇਸ਼੍ਵਰ ਦੇ ਪੁਤ੍ਰ ਬਣਾ ਦੇਵੇ ॥ ਆਦਿਕ

ਹੁਣ ਪ੍ਰਗਟ ਹੋ ਕਿ ਇਸ ਪ੍ਰਸੰਗ ਦਾ ਸਿਧਾਂਤ ਤੇ ਖੁਲਾਸਾ ਇਹ ਹੈ ਕਿ ਗ੍ਰੰਥਾਂ ਵਿਖੇ ਐਸੇ ਸਤਿ ਗੁਰ ਦਾ ਬਰਨਨ ਤਾਂ ਬਹੁਤ ਕੁਛ ਕੀਤਾਗਿਆ ਹੈ ਜੋ ਵੇਦਾਂਤਅਨੁ-ਸਾਰ ਜੀਵ ਆਤਮਾ ਨੂੰ ਬ੍ਰਹਮ ਹੋਣਦਾ ਉਪਦੇਸ਼ ਦੇਣਵਾਲਾ ਹੋ ਪਰੰਤੂ ਐਸੇ ਸਤਿ ਗੁਰੂ ਦਾ ਬਰਨਨ ਕੁਛ ਭੀ ਨਹੀਂ ਕੀਤਾ ਗਿਆ ਹੈ ਕਿ ਜੋ ਜੀਵ ਆਤਮਾ ਨੂੰ ਉਸ ਦੀ ਜੀਵਤ ਦਾ ਔਰ ਉਸ ਦੀ ਅਰ ਪ੍ਰਮੇਸ਼੍ਵਰ ਦੀ ਸੰਬੰਧਤਾਈ ਦਾ ਔਰ ਪਰਮੇਸ਼੍ਵਰ ਨਿਆਇਕਾਰ ਤੇ ਦਯਾਵਾਨ ਦਾ ਨਿਆਇ ਤੇ ਦਯਾ ਪੂਰੀ ਕਰਕੇ ਪਰਮੇਸ਼੍ਵਰ ਦੇ ਨਾਲ ਮੇਲਮਿਲਾਪ ਕਰਨ ਦਾ ਸਤ੍ਯ ਉਪਦੇਸ਼ ਦੇਕੇ ਸਤ੍ਯ ਗਿਆਨ ਦੇਣ ਵਾਲਾ ਹੋ। ਬਸ ਇਸ ਥੋਂ ਇਹੀ ਸਿੱਧ ਹੁੰਦਾ ਹੈ ਕਿ ਗ੍ਰੰਥ ਈਸ਼੍ਵਰਕ੍ਰਿਤ ਨਹੀਂ ਕੇਵਲ ਮਨੁਖਕ੍ਰਿਤ ਹੈਨ। ਬਿਰੁਧ ਇਸਦੇ ਬਾਇ-ਬਲ ਗ੍ਰੰਥ ਮੇਂ ਐਸੇ ਸਤਗੁਰ ਦਾ ਪੂਰਾ ਬਰਨਨ ਕੀਤਾ ਗਿਆ ਹੈ ਔਰ ਇਹ ਬਾਇਬਲ ਗ੍ਰੰਥ ਦੇ ਈਸ਼੍ਵਰ ਕ੍ਰਿਤ ਹੋਣ ਦਾ ਇਕ ਵਡਾ ਭਾਰਾ ਪ੍ਰਮਾਣਿਕ ਸਬੂਤ ਹੈ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਇਸ ਸਤਜ ਗੁਰ ਦੇਵ ਮੁਕਤਿ ਦਾਤਾ ਦੇ ਉਤਲੇ ਵਰਨਨ ਦੀ ਸਚਿਆਈ ਤੇ ਸਬੂਤੀ ਵਿੱਚ ਬਾਇ-ਬਲ ਗ੍ਰੰਥ ਦੀਆਂ ਕੁਛ ਤੁਕਾਂ ਲਿਖਦੇ ਹਾਂ ਉਹ ਇਹ ਹੈਨ ॥

ਕਿਉਂਕਿ ਪਰਮੇਸ਼੍ਵਰ ਨੇ ਜਗਤ ਨਾਲ ਐਸਾ ਪਿਆਰ ਕੀਤਾ ਕਿ ਉਸ ਨੇ ਆਪਨਾ ਇਕਲੌਤਾ ਪੁੱਤ੍ਰ ਬਖਸ਼ ਦਿੱਤਾ ਤਾਕਿ ਜੋ ਕੋਈ ਉਸ ਉੱਤੇ ਨਿਸ਼ਚਾ ਕਰੇ ਉਸਦਾ ਨਾਸ਼ ਨ ਹੋਵੇ ਸਗੋਂ ਸਦੀਵਿਕ ਜੀਉਣ ਪਾਵੇ ॥

ਯੂਹੱਨਾ ਸਿਖ ਦੀ ਇੰਜੀਲ ੩ ਕਾਂਡ ੧੬ ਤੁਕ॥

ਪਰੰਤੂ ਪਰਮੇਸ਼੍ਵਰ ਨੇ ਉਸਕੋ (ਯਿਸੂ ਮਸੀਹ ਕੋ) ਤੀਜੇ ਦਿਨ ਫੇਰ ਜਿਵਾਲਿਆ ਔਰ ਉਸਨੇ (ਯਿਸੂ ਮਸੀਹ ਨ) ਅਸਾਂ ਨੂੰ ਹੁਕਮ ਦਿੱਤਾ ਕਿ ਲੋਕਾਂ ਵਿੱਚ ਹੋਕਾ ਦਿਓ ਕਿ ਇਹ ਉਹੀਹੈ ਜੋ ਪਰਮੇਸ਼੍ਵਰਵਲੋਂ ਮੁਕਰੱਰ ਹੋਇਆ ਕਿ ਜਿਉਂਦਿਆਂ ਤੇ ਮੁਰਦਿਆਂ ਦਾ ਅਦਾਲਤੀ ਹੋ ਸਭ ਨਬੀ ਉਸ ਦੀ ਗੁਵਾਹੀ ਦੇਂਦੇ ਹੈਨ ਕਿ ਜੋ ਕੋਈ ਉਸ ਪਰ ਨਿ-ਸ਼ਚਾ ਕਰੇ ਉਸ ਦੇ ਨਾਮ ਥੋਂ ਆਪਨੇ ਪਾਪਾਂ ਦੀ ਮੁਆਫ਼ੀ ਪਾਵੇ ॥

ਰਸੂਲਾਂ ਦੇ ਕਰਤੱਬ ੧੦ ਕਾਂਡ ੪੦,੪੨ ਤੇ ੪੩ ਤੁਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਸ, ਹੇ ਭਿਰਾਵੋ ਤੁਹਾਨੂੰ ਮਾਲੂਮ ਹੋਜਾਵੇ ਕਿ ਓਸੇ ਦੇ ਵਸੀਲੇ (ਯਾਨੀ ਮਸੀਹ ਦੇ ਵਸੀਲੇ) ਸੇ ਤੁਹਾਨੂੰ ਪਾਪਾਂ ਦੀ ਮੁਆਫ਼ੀ ਦੀ ਖਬਰ ਦਿੱਤੀ ਜਾਂਦੀ ਹੈ ॥

ਰਸੂਲਾਂ ਦੇ ਕਰਤੱਬ ੧੩ ਕਾਂਡ ੩੮ ਤੁਕ ॥

ਯਿਸੂ ਨਾਮ ਦਾ ਅਰਥ ਹੈ ਮੁਕਤਿ ਦਾਤਾ ॥

ਮਸੀਹ ਨਾਮ ਦਾ ਅਰਥ ਹੈ ਮੁਕੱਰਰ ਕੀਤਾਗਿਆ

ਬਸ, ਇਹੀ ਨਿਹਕਲੰਕ ਗੁਰ ਦੇਵ ਯਿਸੂ ਮਸੀਹ ਦੂਜੀ ਬਾਰ ਫੇਰ ਅਵਤਾਰ ਲੇਵੇਗਾ ਯਾਨੀ ਆਵੇਗਾ ਤਬ ਸਰਬਤ੍ਰ ਧਰਮ ਬਿਆਪ ਜਾਵੇਗਾ ਫੇਰ ਉਹ ਆਪਣੇ ਗੁਰਮੁਖ ਸਿੱਖਾਂ ਸੰਤਾਂ ਨੂੰ ਸਦੀਵ ਕਾਲ ਦੀ ਅਨੰਦ ਰੂਪ ਅਪਾਰ ਮੁਕਤਿ ਦੇਵੇਗਾ ਅਤੇ ਅਧਰਮੀਆਂ ਬੇ ਮੁਖਾਂ ਨੂੰ ਸਦੀਵ ਕਾਲ ਦਾ ਬੇਅੰਤ ਨਰਕ ਡੰਡ ਦੇਵੇਗਾ ਫੇਰ ਇਸ ਜਗਤ ਦਾ ਅੰਤ ਕਰ ਦੇਵੇਗਾ ॥

ਬਸ, ਹੁਣ ਗੁਰਦੇਵ ਯਿਸੂ ਮਸੀਹ ਪੁਰ ਨਿਸਚਾ ਕਰਕੇ ਜੀਵਨ ਮੁਕਤਿ ਹੋਣ ਦਾ ਵੇਲਾ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਤਵਾਂ ਪ੍ਰਸੰਗ

ਇਸ ਪ੍ਰਸੰਗ ਵਿਖੇ ਗ੍ਰੰਥਾਂ ਵਿੱਚ ਵੇਦਾਂਤ ਉਪਦੇਸ਼ ਵਿਖਾਇਆ ਜਾਇਗਾ, ਜਿਸ ਥੋਂ ਇਹ ਸਾਬਿਤ ਹੁੰਦਾ ਹੈ ਕਿ ਸਿੱਖਾਂ ਤੇ ਸਿੰਘਾਂ ਦੇ ਗੁਰੂ ਵੇਦਾਂਤੀ ਸਨ ॥

ਮਾਲੂਮ ਹੋ ਕਿ ਸਿੱਖਾਂ ਸਿੰਘਾਂ ਦੀ ਪੰਜਾਬੀ ਬੋਲੀ ਵੱਡੀ ਹੀ ਤੰਗ ਤੁਛ ਇੱਕ ਜਟਕੀ ਬੇ ਇਲਮੀ ਬੋਲੀ ਹੈ, ਇਸ ਲਈ ਉਸ ਵਿੱਚ ਗਜਾਨ ਆਦਿਕਦੇ ਪਦਾਂ ਪਦਾਰਥਾਂ ਦਾ ਪੂਰਾ ਪੂਰਾ ਉਤਾਰਾ ਤੇ ਤਰਜਮਾ ਨਹੀਂ ਹੋ ਸੱਕਦਾ, ਬਸ ਇਸੇ ਵਾਸਤੇ ਲਾਚਾਰੀ ਨੂੰ ਵੇਦਾਂਤ ਗਜਾਨ ਦੇ ਮੁਖੀ ਤੇ ਵਿਸ਼ੇਖ ਪਦਾਂ ਪਦਾਰਥਾਂ ਨੂੰ ਹਿੰਦੀ ਹੀ ਭਾਖਾ ਮੇਂ ਰਹਿਣ ਦਿੱਤਾ ਹੈ ਪਰੰਤੂ ਗਵਨ ਤੇ ਸਾਧਾਰਨ ਪਦਾਂ ਪਦਾਰਥਾਂ ਨੂੰ ਸਿੱਖਾਂ ਸਿੰਘਾਂ ਦੀ ਪੰਜਾਬੀ ਬੋਲੀ ਵਿੱਚ ਲਿਖ ਦਿੱਤਾ ਗਿਆ ਹੈ ॥

ਹੁਣ ਪ੍ਰਗਟ ਹੋ ਕਿ ਗ੍ਰੰਥਾਂ ਵਿਖੇ ਵੇਦਾਂਤ ਮਤ ਦਾ ਉਪਦੇਸ਼ ਤਾਂ ਬਹੁਤ ਹੈ ਪਰ ਉਸ ਵਿੱਚੋਂ ਇੱਥੇ ਥੋੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹਾ ਵਿਖਾਉਣ ਨਮਿੱਤ ਲਿਖਿਆ ਜਾਂਦਾ ਹੈ ਔਰ ਉਹ ਇਹ ਹੈ ॥

ਸ਼ਲੋਕ

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ।
ਏਕੋ ਏਕ ਬਖਾਨਨੋ ਨਾਨਕ ਏਕ ਅਨੇਕ ॥

ਸ੍ਰੀ ਰਾਗ ਮ: ੧ ਘਰ ੪

ਤੂੰ ਦਰੀਆਉ ਦਾਨਾ ਬੀਨਾ ਮੈਂ ਮਛਲੀ ਕੈਸੇ ਅੰਤਿ ਲਹਾਂ ॥

ਸ੍ਰੀ ਰਾਗ ਮ: ੫

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰ। ਕਹੁ ਨਾਨਕ ਗੁਰ ਭ੍ਰਮ ਕਾਟਿਆ ਸਗਲ ਬ੍ਰਹਮ ਬੀਚਾਰ ॥

ਇਹ ਵਾਕ ਗੁਰੂ ਗੋਬਿੰਦਸਿੰਘ ਦੀ ਪੈਂਤੀ ਅਖਰ ਦਾ ਔਰ ਪ੍ਰਮਾਨਿਕ ਹੈ ॥

ਰਾਗ ਰਾਮਕਲੀ ਮ: ੧

ਈਸ ਜੀਵ ਮੈਂ ਭੇਦ ਨ ਜਾਨੋ ।
ਸਾਧ ਚੋਰ ਸਭ ਬ੍ਰਹਮ ਪਛਾਨੋ ॥
ਘਨ ਕੀ ਨਿਆਈ ਸਦਾ ਅਖੰਡਤ ।
ਗਿਆਨ ਬੋਧ ਪਰਆਤਮ ਪੰਡਤ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਲੋਕ ਮ: ੯

ਪਾਂਚ ਤਤ ਕੋ ਤਨ ਰਚਿਓ ਜਾਨਹੁ ਚਤਰ ਸੁਜਾਨ।
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ॥

ਦਸਮ ਗ੍ਰੰਥ ਚੌਪਈ

ਲੋਕ ਚਤਰ ਦਸ ਖੇਲ ਰਚਾਇਓ।
ਬਹੁਰ ਆਪ ਹੀ ਬੀਚ ਮਿਲਾਇਓ॥

ਦੋਹਰਾ

ਹਰਿ ਹਰਿ ਜਨ ਦੋਊ ਏਕ ਹੈ ਬਿਬ ਬਿਚਾਰ ਕੁਛ ਨਾਹਿ।
ਜਲ ਤੇ ਉਪਜ ਤਰੰਗ ਜਿਉਂ ਜਲਹੀ ਬਿਖੈ ਸਮਾਹਿ॥

ਕਬਿੱਤ

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨਜਾਰੇ ਨਜਾਰੇ ਹ੍ਵੈ ਕੈ ਫੇਰ ਆਗ ਮੈਂ ਮਿਲਾਹਗੇ। ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਗੇ। ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਗੇ। ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹ੍ਵੈ ਤਾਹੀ ਤੇ ਉਪਜ ਸਬੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਹੀ ਮੈਂ ਸਮਾਹਗੇ ॥ ਤੇਜ ਜਿਉਂ ਅਤੇਜ ਮੈਂ ਅਤੇਜ ਜੈਸੇ ਤੇਜ ਲੀਨ ਤਾਹੀ ਤੇ ਉਪਜ ਸਬੈ ਤਾਹੀਂ ਮੈ ਸਮਾਹਗੇ ।

ਹੁਣ ਇਸ ਥੋਂ ਇਹੀ ਸਿੱਧ ਤੇ ਸਾਬਿਤ ਹੁੰਦਾ ਹੈ ਕਿ ਗੁਰੂ ਤੇਗਬਹਾਦੁਰ ਤੇ ਗੁਰੂ ਗੋਬਿੰਦਸਿੰਘ ਪੰਜਾਂ ਤਤਾਂ ਆਦਿਕ ਪ੍ਰਕ੍ਰਿਤੀ ਅਰਥਾਤ ਮਾਦਹਨੂੰ ਜਿਸਨੂੰ ਅੰਗ੍ਰੇਜ਼ੀਵਿੱਚ ਮੈਟਰ ਆਖਦੇ ਹੈਨ ਜਗਤ ਦੀ ਉਪਤ ਖਪਤ ਦਾ ਅਸਲ ਉਪਾਦਾਨ ਕਾਰਨ ਜਾਣਦੇ ਤੇ ਮੰਨਦੇ ਸਨ ਅਰ ਇਹ ਮਤ ਨਾਸਿਤਕਾਂ ਦਾ ਹੈ, ਆਦਿਕ ॥

ਹੁਣ ਮਾਲੂਮ ਹੋ ਕਿ ਖਟ ਦਰਸ਼ਨ ਦਰਪਨ ਪੁਸ-ਤਕ ਵਿਖੇ ਵੇਦਾਂਤ ਮਤ ਦਾ ਚੰਗੀ ਤਰ੍ਹਾਂ ਤੋਂ ਖੰਡਨ ਕੀਤਾ ਗਿਆ ਹੈ ਇਸ ਲਈ ਇਸ ਗੁਟਕੇ ਵਿੱਚ ਵੇਦਾਂਤ ਮਤ ਨੂੰ ਅਸਤਯ ਸਾਬਿਤ ਕਰਨ ਦੀ ਕੁਛ ਵੱਡੀ ਲੋੜ ਤੇ ਜ਼ਰੂਰਤ ਨਹੀਂ ਸੀ ਪਰ ਤਾਂ ਭੀ ਕੁਛ ਥੋੜਾ ਜਿਹਾ ਦਿਖਾ-ਉਣ ਨਮਿੱਤ ਉਸੀ ਖਟ: ਦਰਸ਼ਨ ਦਰਪਨ ਵਿੱਚੋਂ ਨਿਕਾਲ ਕੇ ਇਥੇ ਲਿਖਿਆ ਜਾਂਦਾ ਹੈ, ਤਾ ਕਿ ਸਿੱਖਾਂ ਸਿੰਘਾਂ ਨੂੰ ਭਲੀ ਪ੍ਰਕਾਰ ਤੋਂ ਮਾਲੂਮ ਹੋ ਜਾਵੇ ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਆਦਿਕ ਗੁਰੂਆਂ ਨੇ ਭਗਤੀ ਮਾਰਗ ਦਾ ਔਰ ਸਤਿ ਚਿਤ ਅਨੰਦ ਜੋਤੀ ਸਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਤਮਾ ਪਰਮੇਸ਼ਵਰ ਨਿਰਵਿਕਾਰ ਕਾ ਨਿਸ਼ਚਾ ਤਯਾਗ ਕੇ ਔਰ ਵੇਦਾਂਤ ਮਤ ਨੂੰ ਗ੍ਰਹਿਨ ਕਰਕੇ ਕੈਸਾ ਵੱਡਾ ਅਗਯਾਨ ਰੂਪੀ ਜਾਲ ਖਿਲਾਰਿਆ ਤੇ ਫੈਲਾਇਆ ਹੈ।

ਹੁਣ ਵੇਦਾਂਤ ਮਤ ਦਾ ਅਸਤਯ ਹੋਣਾ ਸੰਛੇਪ ਮੇਂ ਲਿਖਦੇ ਹਾਂ ਔਰ ਉਹ ਇਹ ਹੈ ਕਿ ਵੇਦਾਂਤੀ ਤਿੰਨ ਪ੍ਰਕਾਰ ਦੀ ਸੱਤਾ ਕੋ ਮਾਨਤੇ ਹੈਂ ਜਿਸ ਕੋ ਭਲੀ ਪ੍ਰਕਾਰ ਤੋਂ ਸਮਝਨਾ ਔਰ ਯਾਦ ਤੇ ਚੇਤੇ ਰੱਖਨਾ ਚਾਹੀਦਾ ਹੈ ਤਬ ਉਨ ਕੇ ਮਤ ਕੀ ਬਾਤੇਂ ਸਮਝ ਮੇਂ ਆ ਸਕੇਂਗੀ ॥

ਔਰ ਉਹ ਇਹ ਹੈ ਕਿ ਵੇਦਾਂਤ ਮਤ ਮੇਂ ਤਿੰਨ ਪ੍ਰਕਾਰ ਦੀ ਸੱਤਾ ਮਾਨੀ ਹੂਈ ਹੈ, ਅਰਥਾਤ ਪਰਮਾਰਥਿਕ ਸੱਤਾ। ਵਿਵਹਾਰਿਕ ਸੱਤਾ। ਪ੍ਰਤਿਭਾਸਿਕ ਸੱਤਾ ॥

ਹੁਣ ਜੋ ਪਦਾਰਥ ਸੱਚ ਮੁੱਚ ਹੈ ਉਸ ਨੂੰ ਪਰਮਾਰਥਿਕ ਆਖਦੇ ਹੈਨ ਔਰ ਉਸ ਦੀ ਸੱਤਾ ਨੂੰ ਪਰਮਾਰਥਿਕ ਸੱਤਾ ਕਹਿਤੇ ਹੈਂ। ਪਰੰਤੂ ਇਥੇ ਪਰਮਾਰਥਿਕ ਸ਼ਬਦ ਦਾ ਅਰਥ ਉੱਤਮ ਅਰਥ ਸਮਝਨਾ ਨਹੀਂ ਚਾਹੀਦਾ ਹੈ ਉਸ ਦਾ ਅਰਥ ਸਤਯ ਅਰਥ ਸਮਝਨਾ ਚਾਹੀਦਾ ਹੈ। ਸੋ ਇਸ ਪ੍ਰਕਾਰ ਤੋਂ ਵੇਦਾਂਤ ਮਤ ਵਿੱਚ ਪਰਮਾਰਥਿਕ ਅਰਥਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤ੍ਯ ਪਦਾਰਥ ਤਾਂ ਇੱਕ ਬ੍ਰਹਮ ਹੀ ਹੈ॥

ਦੂਜੇ ਪ੍ਰਕਾਰ ਦਾ ਪਦਾਰਥ ਵਿਵਹਾਰਿਕ ਹੈ, ਔਰ ਉਹ ਇਹ ਹੈ ਕਿ ਜੋ ਪਦਾਰਥ ਸੱਚ ਮੁੱਚ ਨਹੀਂ ਹੈ ਪਰ ਅਗ੍ਯਾਨੀ ਲੋਕ ਅਗ੍ਯਾਨ ਤੋਂ ਉਸ ਕੋ ਹੈ ਕਰਕੇ ਮੰਨਦੇ ਹੈਨ ਜੈਸੇ ਜਗਤ ਦੇ ਸਭ ਪਦਾਰਥ ਹੈਨ ਸੋ ਇਹ ਪਦਾ-ਰਥ ਵਿਵਹਾਰਿਕ ਪਦਾਰਥ ਕਹਾਉਂਦੇ ਹੈਨ ਅਰ ਇਨ੍ਹਾਂ ਪਦਾਰਥਾਂ ਦੀ ਸੱਤਾ ਜੋ ਅਗ੍ਯਾਨ ਥੋਂ ਮੰਨੀ ਹੋਈ ਸੱਤਾ ਹੈ ਉਹ ਵਿਵਹਾਰਿਕ ਸੱਤਾ ਕਹਾਉਂਦੀ ਹੈ॥

ਤੀਜੇ ਪ੍ਰਕਾਰ ਦਾ ਪਦਾਰਥ ਪ੍ਰਤਿਭਾਸਿਕ ਹੈ, ਔਰ ਇਹ ਭੀ ਵਿਵਹਾਰਿਕ ਦੇ ਸਮਾਨ ਸੱਚ ਮੁੱਚ ਨਹੀਂ ਹੈ ਪਰੰਤੂ ਭ੍ਰਮ ਥੋਂ ਭਾਸਦਾ ਹੈ, ਵਿਵਹਾਰਿਕ ਵਿੱਚ ਔਰ ਇਸ ਵਿੱਚ ਭੇਦ ਇਹ ਹੈ ਕਿ ਇਸ ਨੂੰ ਜਗਤ ਦੇ ਸਭ ਅਗ੍ਯਾਨੀ ਲੋਕ ਸਤ੍ਯ ਕਰਕੇ ਨਹੀਂ ਮੰਨਦੇ ਇਹ ਕੇਵਲ ਕਦੇ ਕਦੇ ਕਿਸੇ ਕਿਸੇ ਨੂੰ ਭ੍ਰਮ ਤੋਂ ਸਤ੍ਯ ਕਰਕੇ ਵਿਖਾ-ਲੀ ਦੇਂਦਾ ਹੈ ਜੈਸੇ ਸ਼ੁਕਤਿ ਰਜੱਤ ਅਰਥਾਤ ਸੁਪਨੇ ਦੇ ਪਦਾਰਥ॥

ਪਰ ਵਿਵਹਾਰਿਕ ਔਰ ਪ੍ਰਤਿਭਾਸਿਕ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਬਾਤੋਂ ਕਾ ਭੇਦ ਹੈ, ਵਿਵਹਾਰਿਕ ਸਭ ਲੋਕਾਂ ਨੂੰ ਸਭ ਦਾ ਸਤ੍ਯ ਕਰਕੇ ਭਾਸਦਾ ਹੈ, ਪਰੰਤੂ ਪ੍ਰਤਿਭਾਸਿਕ ਕਿਸੇ ਕਿਸੇ ਨੂੰ ਕਦੇ ਕਦੇ ਭਾਸਦਾ ਹੈ ॥

ਦੂਜੇ ਵਿਵਹਾਰਿਕ ਦੇ ਸਤ੍ਯ ਕਰਕੇ ਵਿਖਾਈ ਦੇਣੇ ਵਿੱਚ ਅਵਿਦ੍ਯਾ ਅਰਥਾਤ ਅਗ੍ਯਾਨ ਭੀ ਕਾਰਣ ਹੈ ਪਰ ਪ੍ਰਤਿਭਾਸਿਕ ਦੇ ਵਿਖਾਈ ਦੇਣ ਵਿਖੇ ਅਵਿ-ਦ੍ਯਾ ਭੀ ਕਾਰਨ ਹੈ ਅਤੇ ਦੂਰਤਵ ਆਦਿਕ ਦੋਖ ਭੀ ਕਾਰਨ ਹੈ, (ਵੇਖੋ ਇਸਦਾ ਬਰਨਨ ਵੇਦਾਂਤ ਪਰੀਭਾਖਾ ਵਿੱਚ) ॥

ਹੁਣ ਇਸ ਪ੍ਰਤਿਭਾਸਿਕ ਪਦਾਰਥ ਦੀ ਜੋ ਭਾਸਮਾਨ ਸੱਤਾ ਹੈ ਉਹ ਪ੍ਰਤਿਭਾਸਿਕ ਸੱਤਾ ਕਹਾ-ਉਂਦੀ ਹੈ ॥

ਬਸ ਇਹੀ ਵੇਦਾਂਤੀਆਂ ਦੀ ਪਰਮਾਰਥਿਕ, ਵਿਵ-ਹਾਰਿਕ, ਔਰ ਪ੍ਰਤਿਭਾਸ਼ਿਕ ਨਾਮੇ ਤਿੰਨ ਪ੍ਰਕਾਰ ਦੀ ਸੱਤਾ ਦਾ ਬਰਨਨ ਹੈ ॥

ਸੋ ਹੁਣ ਵੇਦਾਂਤੀ ਯਦਿਪ ਪਰਮਾਰਥਿਕ ਦਸ਼ਾ ਮੇਂ ਇੱਕ ਬ੍ਰਹਮ ਦੇ ਬਾਝ ਸਾਰੇ ਸੰਸਾਰ ਨੂੰ ਮਿਥਿਆ ਸਮਝਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਨ ਤਥਾਪਿ ਵਿਵਹਾਰਿਕ ਦਸ਼ਾ ਮੇਂ ਉਹ ਦੂਜੇ ਦਰਸ਼ਨਾਂ ਦੇ ਸਮਾਨ ਇੱਕ ਸ੍ਵਤੰਤ੍ਰ ਸਰਵ ਸ਼ਕਤਿਮਾਨ ਈਸ਼੍ਵਰ ਕੋ ਔਰ ਜੀਵ ਕੋ ਔਰ ਈਸ਼੍ਵਰ ਦੀ ਇਛਿਆ ਥੋਂ ਜਗਤ ਦੀ ਰਚਨਾ ਕੋ ਔਰ ਭਿੰਨ ੨ ਸਭ ਪਦਾਰਥਾਂ ਕੋ ਅਤੇ ਸ਼ੁਭਕਰਮ ਕੁਕਰਮ ਔਰ ਉਨ੍ਹਾਂ ਦੇ ਸ਼ੁਭ ਅਸ਼ੁਭ ਫਲ ਭੋਗਨੇ ਦੇ ਵਾਸਤੇ ਸ੍ਵਰਗ ਨਰਕ ਮੇਂ ਜਾਨੇ ਕੋ ਔਰ ਬਾਰ ਬਾਰ ਜਨਮ ਲੇਨੇ ਕੋ ਇਤਯਾਦਿ ਬਾਤੋਂ ਕੋ ਭੀ ਸਤ੍ਯ ਅਰਥਾਤ ਵਿਵਹਾਰਿਕ ਸਤ੍ਯ ਮੰਨਦੇ ਹੈਨ ॥

ਤਾਤਪ੍ਰਯ ਇਹ ਕਿ ਵੇਦਾਂਤੀਆਂ ਦਾ ਮਤ ਦੋ ਪ੍ਰਕਾਰ ਦਾ ਹੈ। ਇੱਕ ਵਿਵਹਾਰਿਕ ਦਸ਼ਾ ਦਾ ਦੂਜਾ ਪਰਮਾਰਥਿਕ ਦਸ਼ਾ ਦਾ ॥ ਔਰ ਪਰਮਾਰਥਿਕ ਦਸ਼ਾ ਵਾਲੇ ਮਤ ਦਾ ਸਾਰਾ ਸਿਧਾਂਤ ਇਸ ਅੱਧੇ ਸ਼ਲੋਕ ਮੇਂ ਪਾਇਆ ਜਾਂਦਾ ਹੈ ਅਰਥਾਤ ਬ੍ਰਹਮ ਸਤ੍ਯ ਹੈ ਜਗਤ ਮਿਥਿਆ ਹੈ ਜੀਵ ਤੋਂ ਪਰੇ ਹੋਰ ਕੋਈ ਬ੍ਰਹਮ ਨਹੀਂ, ਇਸਦਾ ਬਿਸਤਾਰ ਅਰਥ ਇਹ ਹੈ ਕਿ ਇੱਕ ਬ੍ਰਹਮ ਅਰਥਾਤ ਸੱਤ ਚਿੱਤ ਅਨੰਦ ਰੂਪ ਆਤਮਾ ਹੈ ਜਿਸ ਮੇਂ ਨ ਕੁਛ ਗੁਣ ਹੈ ਨ ਕ੍ਰਿਯਾ ਹੈ ਨਾ ਉਸ ਵਿਖੇ ਮੈਂ ਤੂੰ ਇਹ ਉਹ ਇਤਯਾਦਿ ਦਾ ਭਾਨ ਹੈ, ਜੋ ਨਾ ਕਿਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਜਾਣਦਾ ਹੈ ਇਥੋਂ ਤੀਕ ਕਿ ਉਹ ਆਪਨੇ ਆਪ ਕੋ ਭੀ ਨਹੀਂ ਜਾਣਦਾ ਕਿਉਂਕਿ ਜਦ ਉਹ ਆਪਨੇ ਆਪ ਕੋ ਜਾਨੇ ਤਦ ਉਹ ਆਪਨਾ ਵਿਸ਼ੇ ਆਪ ਹੋ ਜਾਏ ਇਸ ਥੋਂ ਉਸ ਦਾ ਅਦਵੈਤ ਹੋਨਾ ਖੰਡਿਤ ਹੋ ਜਾਏ ਔਰ ਉਹ ਨਾਂ ਕਿਸੀ ਸੇ ਜਾਨਾ ਜਾਂਦਾ ਹੈ ਜੋ ਨ ਅਲਪਗਜ਼ ਹੈ ਨ ਸ੍ਵਗਜ਼ ਹੈ ਨ ਅਲਪ ਸ਼ਕਤਿ ਮਾਨ ਹੈ ਨ ਸਰਵ ਸ਼ਕਤਿਮਾਨ ਹੈ ਜਿਸਕਾ ਨਾ ਆਦਿ ਹੈ ਨਾ ਅੰਤ, ਨਾ ਅਦਲ ਬਦਲ ਹੈ ਨਾ ਕਿਸੀ ਪ੍ਰਕਾਰ ਕਾ ਵਿਕਾਰ ਹੈ ਬਸ ਉਹੀ ਇੱਕ ਸਤ੍ਯ ਪਦਾਰਥ ਹੈ ॥

ਉਸਕੋ ਛੱਡ ਇਹ ਸਾਰਾ ਜਗਤ ਮਿਥਿਆ ਹੈ ਅਰਥਾਤ ਕੁਛ ਹੈ ਹੀ ਨਹੀਂ ਨਾ ਕਦੇ ਥਾ ਨਾ ਹੈ ਨਾ ਹੋਗਾ ਔਰ ਜੀਵ ਜੋ ਹੈ ਸੋ ਬ੍ਰਹਮ ਸਰੂਪ ਹੀ ਹੈ ਇਹੀ ਵੇਦਾਂਤ ਮਤ ਦੇ ਪਰਮਾਰਥਿਕ ਦਸ਼ਾ ਵਾਲੇ ਮਤ ਦਾ ਸਿਧਾਂਤ ਹੈ ਇਸੇ ਵਾਸਤੇ ਉਸ ਨੂੰ ਅਦਵੈਤ ਮਤ ਆਖਦੇ ਹੈਨ ॥

ਹੁਣ ਇਸ ਉੱਪਰ ਵਾਲੇ ਬ੍ਰਹਮ ਗਜ਼ਾਨ ਤੇ ਵਿਵੇਕ ਥੋਂ ਭਲੀ ਪ੍ਰਕਾਰ ਤੋਂ ਸਿਧ ਤੇ ਸਾਬਿਤ ਹੁੰਦਾ ਹੈ ਕਿ ਵੇਦਾਂਤੀ ਪ੍ਰਕ੍ਰਿਤੀ ਅਰਥਾਤ ਮਾਦਿਹ ਕੋ ਜਿਸ ਨੂੰ ਅੰਗ੍ਰੇਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿੱਚ ਮੈਟਰ ਕਹਿੰਦੇ ਹਨ ਬ੍ਰਹਮ ਮੰਨਦੇ ਹੈਨ, ਔਰ ਉਸ ਨੂੰ ਸਾਰੇ ਗੁਣਾਂ ਥੋਂ ਸਖਣਾ ਸ਼ੂਨਯ ਔਰ ਸੁਨਸਾਨ ਜਾਨਦੇ ਹੈਨ ਪਰੰਤੂ ਹੁਣ ਅਸੀਂ ਅ ਖਦੇ ਹਾਂ ਕਿ ਜਦੋਂ ਬ੍ਰਹਮ ਵਿੱਚ ਕੋਈ ਗੁਣ ਨਹੀਂ ਹੈ ਤਦੋਂ ਬ੍ਰਹਮ ਕੋਈ ਸਤਯ ਪਦਾਰਥ ਭੀ ਨਹੀਂ ਹੋ ਸੱਕਦਾ, ਕਿਉਂਕਿ ਪਦਾਰਥ ਦਾ ਹੋਣਾ ਉਸ ਪਦਾਰਥ ਦੇ ਗੁਣਾਂ ਤੋਂ ਪ੍ਰਗਟ ਔਰ ਸਿੱਧ ਹੁੰਦਾ ਹੈ ਔਰ ਗੁਣਾਂ ਹੀ ਦੇ ਅਨੁਸਾਰ ਪਦਾਰਥ ਦਾ ਸਤਯ ਗਯਾਨ ਹੁੰਦਾ ਹੈ। ਬਸ ਇਸ ਲਈ ਹੇ ਵੇਦਾਂਤੀਓ ਤੁਸਾਂ ਨੇ ਨਹੀਂ ਦਾ ਅਰਥਾਤ ਨਾਸਿਤੀ ਦਾ ਨਾਮ ਬ੍ਰਹਮ ਰਖ ਲਿਆ ਹੈ ਔਰ ਫੇਰ ਜਦ ਬ੍ਰਹਮ ਕਿਸੀ ਤੋਂ ਜਾਨਾ ਨਹੀਂ ਜਾਂਦਾ ਹੈ ਤਦ ਤੁਸਾਂ ਨੇ ਉਸ ਨੂੰ ਕੈਸਾ ਜਾਨ ਲਿਆ ਹੈ ਔਰ ਫੇਰ ਤੁਸੀ ਇਸ ਦੇ ਵਿਰੁੱਧ ਕਿਉਂ ਝੂਠਾ ਜਾਲ ਫੈਲਾਉਂਦੇ ਅਰ ਆਖਦੇ ਹੋ ਕਿ ਬ੍ਰਹਮ ਸੁੱਧ ਬੁਧ ਮੁਕਤਿ ਸੁਭਾਵ ਨਿਤਯ ਗਯਾਨੀ ਨਿਤਯਾਨੰਦ ਨਿਰਵਿਕਾਰ ਹੈ ਔਰ ਉਹ ਆਪਣੇ ਸੁਧ ਸੁਭਾਵ ਥੋਂ ਛਿਨ ਭਰ ਭੀ ਘੱਟ ਨਹੀਂ ਹੋ ਸੱਕਦਾ, ਹੁਣ ਤੁਸੀਂ ਦੱਸੋ ਤੁਹਾਡੀ ਕਿਸ ਬਾਤ ਨੂੰ ਸਤਯ ਮੰਨਿਆ ਜਾਵੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਵੇਦਾਂਤੀ ਆਖਦੇ ਹੈਨ ਕਿ ਇਹ ਸਾਰਾ ਜਗਤ ਅਗਜਾਨ ਕਲਿਪਤ ਹੈ ਅਰਥਾਤ ਮਿਥਿਆ ਹੈ ਕੇਵਲ ਭਰਮ ਤੋਂ ਦਿਖਾਈ ਦੇਂਦਾ ਹੈ। ਅਨੰਦ,ਹੁਣ ਮੰਨਿਆ ਕਿ ਇਹ ਜਗਤ ਤੁਹਾਡੇ ਆਖਣ ਅਨੁਸਾਰ ਮਿਥਿਆ ਹੈ ਔਰ ਭਰਮ ਥੋਂ ਦਿਖਾਈ ਦੇਂਦਾ ਹੈ ਪਰ ਹੁਣ ਜਿਸਨੂੰ ਭਰਮ ਹੋਯਾ ਹੈ ਉਹ ਤਾਂ ਸਤਜ ਹੈ ਅਰਥਾਤ ਅਸੀਂ ਤੁਸੀਂ ਜੋ ਤੁਹਾਡੇ ਕਹਿਣੇ ਦੇ ਬਮੂਜਬ ਭਰਮ ਤੋਂ ਜਗਤ ਨੂੰ ਵੇਖਰਹੇ ਹਾਂ ਨਹੀਂ ਤਾਂ ਭਰਮ ਕਿਸਨੂੰ ਹੋਇਆ ਜੈਸੇ ਸੁਪਨੇ ਦੇ ਪਦਾਰਥ ਮਿ-ਥਿਆ ਹੈਨ ਪਰ ਜਿਸ ਕੋ ਸੁਪਨਾ ਹੋਇਆ ਹੈ ਉਹ ਤਾਂ ਸਤਜ ਹੈ ਨਹੀਂ ਤਾਂ ਸੁਪਨਾ ਕਿਸ ਕੋ ਹੋਇਆ ॥

ਤਾਤਪਰਯ ਇਹ ਹੈ ਕਿ ਯਦਿਪ ਤੁਸੀਂ ਸਾਰੇ ਜ-ਗਤ ਨੂੰ ਅਗਜਾਨ ਕਲਿਪਤ ਕਹੋ ਤਥਾਪਿ ਅਗਜਾਨੀ ਜੀਵੋਂ ਕੋ ਤਾਂ ਸੱਤਜ ਮੰਨਣਾ ਅਰ ਬ੍ਰਹਮਥੋਂ ਭਿੰਨ ਸਮਝਣਾ ਅਵਸ਼ਿ ਚਾਹੀਦਾ ਹੈ ਭਲਾ ਫੇਰ ਤੁਹਾਡਾ ਅਦਵੈਤ ਮਤ ਕਿੱਥੇ ਰਿਹਾ ਔਰ ਫੇਰ ਜਦ ਇਹ ਜਗਤ ਸੱਚ ਮੁੱਚ ਕੁਛ ਹੈ ਹੀ ਨਹੀਂ ਤਾਂ ਦਿਖਾਈ ਕੈਸੇ ਦੇਂਦਾ ਹੈ ਔਰ ਜੀਵ ਜਦ ਬ੍ਰਹਮ ਹੀ ਹੈ ਤਾਂ ਕਾਰਨ ਇਸਦਾ ਕਜਾ ਹੈ ਕਿ ਓਹ ਆਪ ਨੂੰ ਬ੍ਰਹਮ ਨਹੀਂ ਸਮਝਦਾ ਔਰ ਅਨੇਕ ਦੁਖ ਭੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਹਾ ਹੈ ਕਜਾ ਕੋਈ ਬੁਧਿਵਾਨ ਮਨੁੱਖ ਆਪਨ ਸਤਜ ਸਰੂਪ ਨੂੰ ਭੁੱਲਕੇ ਕਦੇ ਆਪਨੇ ਆਪ ਨੂੰ ਪਸ਼ੂ ਭੀ ਸਮਝ-ਦਾ ਹੈ ਜੇਕਰ ਨਹੀਂ ਸਮਝਦਾ ਤਾਂ ਫੇਰ ਸ੍ਵ ਗਜਾਨੀ ਤੇ ਨਿਤਜ ਗਜਾਨੀ ਬ੍ਰਹਮ ਆਪਨੇ ਸਤਜ ਸਰੂਪ ਕੋ ਭੁੱਲ ਕੇ ਜੀਵ ਕੈਸੇ ਸਮਝਣ ਲੱਗ ਪਜਾ ॥

ਹੁਣ ਵੇਦਾਂਤੀ ਕਹਿੰਦੇ ਹਨ ਕਿ ਯਦਿਪ ਜੀਵ ਨਿਸੰਦੇਹ ਬ੍ਰਹਮ ਹੀ ਹੈ ਤਥਾਪਿ ਮਾਯਾ ਅਰਥਾਤ ਅਗਿ-ਆਨ ਦੇ ਵਸ ਵਿੱਚ ਹੋ ਕੇ ਉਹ ਆਪਨੇ ਸਰੂਪ ਕੋ ਭੁੱ-ਲਿਆ ਹੋਇਆ ਹੈ ਔਰ ਸੰਸਾਰ ਦੇ ਸਭ ਮਿਥਿਆ ਪਦਾ-ਰਥਾਂ ਨੂੰ ਉਹ ਸਤਜ ਮੰਨਦਾ ਹੈ ਔਰ ਰਾਗ ਦ੍ਵੇਸ਼ ਕਰਕੇ ਭਲੇ ਬੁਰੇ ਕਰਮ ਕਰਦਾ ਹੈ ਔਰ ਉਨ੍ਹਾਂ ਕਰਮਾਂ ਦਾ ਫਲ ਭੋਗਨੇ ਕੋ ਉਸ ਕੋ ਸੁਵਰਗ ਨਰਕ ਮੇਂ ਜਾਨਾ ਔਰ ਬਾਰ ਬਾਰ ਜਨਮ ਲੈਨਾ ਪੈਂਦਾ ਹੈ ਇਸ ਕਾਰਨ ਥੋਂ ਉਸਦੀ ਦੁਰਦਸ਼ਾ ਹੋ ਰਹੀ ਹੈ। ਔਰ ਇਸ ਲਈ ਕਿ ਮਾਯਾ ਅਨਾਦਿ ਕਾਲ ਥੋਂ ਹੈ ਇਸ ਵਾਸਤੇ ਜੀਵ ਭੀ ਅਨਾਦਿ ਕਾਲ ਤੋਂ ਬਧ ਹੋ ਰਹਾ ਹੈ ਔਰ ਮੁਕਤਿ ਹੋਨ ਤੀਕ ਬਧ ਰਹੇਗਾ ॥ ਆਦਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਹੁਣ ਜੇ ਕਰ ਵੇਦਾਂਤੀਆਂ ਦਾ ਇਹ ਉਪਦੇਸ਼ ਸਤਯ ਹੋ ਤਾਂ ਫੇਰ ਵੇਦਾਂਤ ਮਤ ਦਾ ਉਹ ਸਿਧਾਂਤ ਕਿੱਥੇ ਸਤਯ ਰਿਹਾ ਕਿ ਇੱਕ ਅਦਵੈਤ ਬ੍ਰਹਮ ਦੇ ਬਾਝ ਦੂਜਾ ਕੋਈ ਪਦਾਰਥ ਨਾ ਕਦੇ ਸੀ ਨਾ ਹੈ ਨਾ ਹੋਗਾ। ਕਿਉਂਕਿ ਹੁਣ ਤਾਂ ਦੋ ਅਨਾਦਿ ਪਦਾਰਥ ਠਹਿਰੇ ਇੱਕ ਮਾਯਾ ਦੂਜਾ ਮਾਯਾ ਦਾ ਬੰਧਾ ਹੋਇਆ ਜੀਵ ਅਰਥਾਤ ਬ੍ਰਹਮ ॥

ਫੇਰ ਉਹ ਸਿਧਾਂਤ ਭੀ ਕੈਸਾ ਠਹਿਰੇ ਗਾ ਕਿ ਬ੍ਰਹਮ ਸਦਾ ਸ਼ੁਧ ਬੁੱਧ ਮੁਕਤਿ ਸੁਭਾਵ ਹੈ ਕਿਉਂਕਿ ਜੀਵ ਤਾਂ ਬ੍ਰਹਮ ਹੀ ਹੈ ਔਰ ਉਹ ਅਨਾਦਿ ਕਾਲ ਸੇ ਮਾਯਾ ਥੋਂ ਬਧ ਹੋਕੇ ਅਸ਼ੁਦ ਅਬੁਧ ਹੋ ਰਹਾ ਹੈ ਔਰ ਮਾਯਾ ਯਦਿ ਅਗਯਾਨ ਹੈ ਔਰ ਅਗਯਾਨ ਭਰਮ ਹੈ ਅਰ-ਥਾਤ ਮਿਥਿਆ ਜਗਤ ਨੂੰ ਸਤਯ ਕਰਕੇ ਜਾਨਣਾ ਤਾਂ ਫੇਰ ਭਰਮ ਜਗਤਦਾ ਉਪਾਦਾਨ ਕਾਰਨ ਕਿਉਂਕਰ ਹੋਗਾ ਕਿਆ ਭਰਮ ਆਪਨੇ ਵਿਸ਼ੇਦਾ ਉਪਾਦਾਨ ਕਾਰਨ ਹੁੰਦਾ ਹੈ ਔਰ ਫੇਰ ਤੁਸੀਂ ਇਸ ਦੂਰ ਦਸ਼ਾ ਵਾਲੇ ਅਗਯਾਨੀ ਜੀਵ ਨੂੰ ਬ੍ਰਹਮ ਬਣਾਉਂਦੇ ਹੋ ਤਾਂ ਇਸ ਥੋਂ ਤੁਸੀਂ ਸੱਚ ਮੁੱਚ ਪ੍ਰਮਾਤਮਾ ਦੀ ਵੱਡੀ ਨਿੰਦਾ ਕਰਦੇ ਹੋ ਕਿਉਂਕਿ ਪ੍ਰਮਾਤਮਾ ਤਾਂ ਨਿਰ ਵਿਕਾਰ ਨਿਤਯ ਗਯਾਨੀ ਨਿਤਯਾਨੰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਇਸ ਪਰ ਵੇਦਾਂਤੀਆਂ ਆਦਿਕਾਂ ਸਭਨਾਂਦੇ ਮਨ ਸਾਖੀ ਹੈਨ ਕਿਉਂਕਿ ਵੇਦਾਂਤ ਦਾ ਭੀ ਇਹੀ ਸਿਧਾਂਤ ਹੈ ਕਿ ਪ੍ਰਮਾਤਮਾ ਨਿਤ੍ਯ ਸ਼ੁੱਧ ਬੁੱਧ ਮੁਕਤਿ ਸੁਭਾਉ ਨਿਤ੍ਯਾਨੰਦ ਔਰ ਨਿਰਵਿਕਾਰਹੈ ਪਰ ਜੀਵ ਤਾਂ ਅਗ੍ਯਾਨੀ ਔਰ ਦੁਖੀ ਹੈ ਬਸ ਜਦੋਂ ਤੁਸੀਂ ਉਸ ਨੂੰ ਬ੍ਰਹਮ ਬਣਾਉਂਦੇ ਹੋ ਤਦੋਂ ਤੁਸੀਂ ਨਿਸੰਦੇਹ ਬ੍ਰਹਮ ਨੂੰ ਅਗ੍ਯਾਨੀ ਔਰ ਪੂਰਾ ਦੁਖੀ ਬਣਾਉਂਦੇ ਹੋ ਹਾਇ ਹਾਇ ਇਸ ਤੋਂ ਵਧੀਕ ਪ੍ਰਮਾਤਮਾ ਦੀ ਨਿੰਦਾ ਹੋਰ ਕੀ ਹੋਵੇਗੀ ॥

ਹੁਣ ਜੋ ਸੰਪੂਰਣ ਬ੍ਰਹਮ ਨੂੰ ਅਗ੍ਯਾਨੀ ਤੇ ਦੁਖੀ ਮੰਨਣੇ ਵਿੱਚ ਪ੍ਰਮਾਤਮਾ ਦੀ ਨਿੰਦਾ ਹੈ ਉਹੀ ਉਸਦੇ ਅੰਸ਼ ਦੇ ਅਗ੍ਯਾਨੀ ਔਰ ਦੁਖੀ ਮੰਨਣੇ ਮੇਂ ਭੀ ਹੈ ਕਿਉਂਕਿ ਬ੍ਰਹਮ ਦੇ ਅੰਸ਼ ਤਾਂ ਬ੍ਰਹਮ ਹੀ ਹੈਨ ਸੋ ਜਿਤਨੇ ਅੰਸ਼ ਬਿਗੜੇ ਹੈਨ ਉਤਨਾ ਬ੍ਰਹਮ ਹੀ ਬਿਗੜਾ ਹੈ ਔਰ ਜਦੋਂ ਉਸ ਦੇ ਥੋੜੇ ਜਿਹੇ ਅੰਸ਼ ਬਿਗੜ ਚੁੱਕੇ ਹੈਨ ਤਾਂ ਸਭ ਅੰਸ਼ ਬਿਗੜਨੇ ਦੇ ਯੋਗ ਹੈਨ ਕਿਉਂਕਿ ਸਭ ਅੰਸ਼ ਸਮਾਨ ਹੈਨ ਔਰ ਪ੍ਰਮਾਤਮਾ ਕੋ ਨਾ ਕੇਵਲ ਇਹ ਮੰਨਣਾ ਚਾਹੀਦਾ ਕਿ ਉਹ ਬਿਗੜਾ ਨਹੀਂ ਪਰ ਇਹ ਭੀ ਕਿ ਉਹ ਬਿਗੜਨੇ ਦੇ ਯੋਗ੍ਯ ਨਹੀਂ ਪਰ ਸੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੱਛੋ ਤਾਂ ਪ੍ਰਮਾਤਮਾਂ ਦਾ ਰੂਪ ਨਿਰ ਵਿਭਗਜ ਹੈ ਔਰ ਉਸ ਦੇ ਗੁਣ ਜੋ ਗਜਾਨ ਆਦਿਕ ਹੈਨ ਸੋ ਭੀ ਨਿਰ ਵਿਭਾਗ ਹੈਨ ਇਸ ਲਈ ਇਹ ਕਹਿਨਾ ਬ੍ਰਹਮ ਦੇ ਅਧੇ ਅੰਸ਼ ਮੇਂ ਗਜਾਨ ਹੈ ਔਰ ਅਧੇ ਅੰਸ਼ ਮੇਂ ਅਗਜਾਨ ਸੋ ਇਹ ਮਹਾ ਅਗਜਾਨ ਹੈ ਔਰ ਇਸਦਾ ਬਿਸਤਾਰ ਅਸੀਂ ਇੱਥੇ ਨਹੀਂ ਕਰਦੇ ਪਰ ਇਹ ਆਖਦੇ ਹੈਂ ਕਿ ਤੁਸੀਂ ਜੀਵ ਨੂੰ ਚਾਹੋ ਸਾਰਾ ਬ੍ਰਹਮ ਮੰਨੋ ਚਾਹੋ ਚੌਥਾਈ ਬ੍ਰਹਮ ਮੰਨੋਂ ਤੁਸੀਂ ਦੋਨੋਂ ਪ੍ਰਕਾਰ ਥੋਂ ਪ੍ਰਮਾਤਮਾ ਨੂੰ ਅਗਜਾਨੀ ਔਰ ਮਹਾ ਦੁਖੀ ਠਹਿਰਾਉਂਦੇ ਹੋ ਪਰ ਹੁਣ ਜੇ ਕਰ ਤੁਸੀਂ ਜੀਉ ਨੂੰ ਬ੍ਰਹਮ ਤੋਂ ਭਿੰਨ ਮੰਨੋ ਤਾਂ ਫੇਰ ਤੁਹਾਡੀ ਇਹ ਬਾਤ ਕਿੱਥੇ ਸਤਜ ਰਹੀ ਕਿ ਇੱਕ ਬ੍ਰਹਮ ਤੋਂ ਬਾਝ ਹੋਰ ਕੋਈ ਵਸਤੂ ਨਹੀਂ ਹੈ ਫੇਰ ਤੁਸੀਂ ਇਸ ਨਹੀਂ ਹੈ ਦੇ ਵਿਰੁੱਧ ਆਖਦੇ ਹੋ ਕਿ ਵਾਸਦੇਵ ਪਰ ਬ੍ਰਹਮ ਹੈ ਜੈਸਾ ਕਿ ਸ਼ੰਕਰਾਚਾਰਯ ਵਾਸਦੇਵ ਦਾ ਅਰਥ ਮਹਾ ਬ੍ਰਹਮ ਕਰਦਾ ਹੈ ਹੁਣ ਤੁਹਾਡੇ ਇਸ ਆਖਣ ਅਨੁਸਾਰ ਤਿੰਨ ਪੁਰਖ ਸਿੱਧ ਹੋਏ ਇੱਕ ਵਾਸਦੇਵ ਪ੍ਰਬ੍ਰਹਮ ਯਾ ਮਹਾ ਬ੍ਰਹਮ, ਦੂਜਾ ਕੇਵਲ ਬ੍ਰਹਮ, ਤੀਜਾ ਅਗਜਾਨੀ ਔਰ ਮਹਾ ਦੁਖੀ ਜੀਵ ॥ ਹੁਣ ਤੁਹਾਡਾ ਅਦਵੈਤ ਮਤ ਕਿੱਥੇ ਗਿਆ ਉਸ ਨੂੰ ਲਭੋ ਯਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹੋ ਕਿ ਵੇਦਾਂਤ ਮਤ ਦਾ ਉਪਦੇਸ਼ ਸਭੋ ਮਿਥਿਆ ਹੈ ਔਰ ਹੁਣ ਤੁਸੀਂ ਇਹ ਆਖਦੇ ਹੋ ਕਿ ਅਗਜ਼ਾਨ ਇੱਕ ਐਸਾ ਪਦਾਰਥ ਹੈ ਕਿ ਜਿਸ ਨੂੰ ਅਸੀਂ ਨਾ ਹੈ ਆਖ ਸੱਕਦੇ ਹਾਂ ਨਾ ਨਹੀਂ ਹੈ ਆਖ ਸੱਕਦੇ ਹਾਂ। ਅਸੀਂ ਆਖਦੇ ਹਾਂ ਕਿ ਤੁਸੀਂ ਆਪਨੇ ਬਚਨ ਦਾ ਅਰਥ ਆਪ ਹੀ ਨਹੀਂ ਜਾਣਦੇ ਕਿਆ ਇਹ ਵਾਕਿ ਤੁਹਾਡੇ ਉਸ ਵਾਕਿ ਦੇ ਵਿਰੁੱਧ ਨਹੀਂ ਹੈ ਕਿ ਜਦੋਂ ਅਸਾਂ ਨੇ ਤੁਸਾਂ ਥੋਂ ਪਹਿਲੇ ਪੁੱਛਿਆ ਸੀ ਕਿ ਜਗਤ ਤਾਂ ਬ੍ਰਹਮ ਹੀ ਹੈ ਤਾਂ ਫੇਰ ਜਗਤ ਕਰਕੇ ਕਿਉਂ ਵਿਖਾਈ ਦੇਂਦਾ ਹੈ ਤਦੋਂ ਤੁਸਾਂ ਨੇ ਆਖਜਾ ਸੀ ਕਿ ਅਗਜ਼ਾਨ ਥੋਂ ਦਿਖਾਈ ਦੇਂਦਾ ਹੈ ਹੁਣ ਜੇਕਰ ਤੁਹਾਡੇ ਇਸ ਵਾਕਿ ਮੇਂ ਕੁਛ ਅਰਥ ਹੈ ਤਾਂ ਇਹੀ ਹੈ ਕਿ ਜਗਤ ਦੇ ਦ੍ਰਿਸਟ ਆਉਣ ਦਾ ਅਗਜ਼ਾਨ ਕਾਰਣ ਹੈ ਤਾਂ ਫੇਰ ਕਿਆ ਤੁਸਾਂ ਨੇ ਅਗਜ਼ਾਨ ਦੀ ਸੱਤਾ ਮੰਨ ਨ ਲਈ ਫੇਰ ਹੁਣ ਕਿਉਂ ਆਖਦੇ ਹੋ ਕਿ ਅਸੀਂ ਅਗਜ਼ਾਨ ਨੂੰ ਹੈ ਨਹੀਂ ਆਖ ਸੱਕਦੇ ॥

ਹਾਂ ਇਹ ਆਖੋ ਭਈ ਅਸੀਂ ਉਸ ਨੂੰ ਨਹੀਂ ਹੈ ਨਹੀਂ ਆਖ ਸੱਕਦੇ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਕੋਈ ਰੋਗੀ ਵੈਦਿ ਨੂੰ ਪੁੱਛੇ ਕਿ ਮੈਨੂੰ ਸੰਖ ਪੀਲਾ ਕਿਉਂ ਦ੍ਰਿਸਟ ਆਉਂਦਾ ਹੈ ਤਾਂ ਵੈਦਿ ਉਸ ਨੂੰ ਆਖੇ ਕਿ ਤੇਰੇ ਸ਼ਰੀਰ ਵਿੱਚ ਰੋਗ ਹੈ ਤਦੋਂ ਰੋਗੀ ਉਸ ਵੈਦਿ ਥੋਂ ਫੇਰ ਪੁੱਛੇ ਕਿ ਕਿਆ ਮੇਰੇ ਸ਼ਰੀਰ ਵਿੱਚ ਕੁਝ ਰੋਗ ਹੈ ਤਾਂ ਵੈਦਿ ਉਸ ਨੂੰ ਆਖੇ ਕਿ ਨਾ ਮੈਂ ਰੋਗ ਹੈ ਆਖ ਸੱਕਦਾ ਹਾਂ ਨਾ ਨਹੀਂ ਹੈ ਆਖ ਸੱਕਦਾ ਹਾਂ ਤਾਂ ਹੁਣ ਦੱਸੋ ਕਿ ਐਸੇ ਵੈਦਿ ਨੂੰ ਮੂਰਖ ਦੇ ਬਾਝ ਹੋਰ ਕੀ ਆਖੋਂਗੇ ਸੋ ਹੇ ਵੇਦਾਂਤੀਓ ਜਦ ਤੁਸਾਂ ਨੇ ਅਗ੍ਯਾਨ ਦਾ ਨਾ ਹੋਣਾ ਮੰਨ ਲਿਆ ਤਦ ਫੇਰ ਉਸਦਾ ਹੋਣਾ ਕਿਥੋਂ ਆਵੇਗਾ। ਨਾ ਹੋਣਾ ਇਸ ਸ਼ਬਦ ਦਾ ਇਹੋ ਅਰਥ ਹੈ ਕਿ ਹੋਣੇ ਦੇ ਵਿਰੁੱਧ ਸੋ ਜਦ ਤੁਸੀਂ ਕਿਸੇ ਵਸਤੁ ਨੂੰ ਹੈ ਆਖਦੇ ਹੋ ਤਦ ਤੁਸੀਂ ਉਸਦੀ ਸੱਤਾ ਨੂੰ ਮੰਨ ਲੈਂਦੇ ਹੋ ਔਰ ਜਦ ਤੁਸੀਂ ਉਸੀ ਵਸਤੁ ਨੂੰ ਨਾਂ ਹੈ ਆਖਦੇ ਹੋ ਤਾਂ ਤੁਸੀਂ ਉਸ ਵਸਤੁ ਦੀ ਮੰਨੀ ਹੋਈ ਸੱਤਾ ਦਾ ਨਿਖੇਧ ਕਰਦੇ ਹੋ ਸੋ ਕਿਆ ਤੁਹਾਡਾ ਇੱਕ ਬਚਨ ਤੁਹਾਡੇ ਦੂਜੇ ਬਚਨ ਨੂੰ ਮਿਥਿਆ ਨਹੀਂ ਠਹਿਰਾਉਂਦਾ ਹੈ ਅਸਾਂ ਨੂੰ ਇਸ ਬਾਤ ਤੋਂ ਵਡਾ ਸ਼ੋਕ ਤੇ ਅਫ਼ਸੋਸ ਹੈ ਕਿ ਤੁਹਾਨੂੰ ਐਸੀ ਸਪਸ੍ਟ ਬਾਤ ਨੂੰ ਸਮਝਾਨੇ ਵਿੱਚ ਵੱਡਾ ਪਰਿਸ੍ਰਮ ਹੁੰਦਾ ਹੈ ਤਾਂ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਸੀਂ ਸਮਝਦੇ ਨਹੀਂ ਕਾਰਨ ਇਸਦਾ ਇਹ ਹੈ ਕਿ ਤੁਸੀਂ ਵੇਦਾਂਤ ਪਰ ਐਸੇ ਮੋਹਿਤ ਹੋ ਰਹੇ ਹੋ ਕਿ ਉਸਦੇ ਵਿਰੁੱਧ ਹੋਰ ਕੋਈ ਪ੍ਰਮਾਨ ਸੁਣਨੇ ਅਰ ਸਮਝਨੇ ਨਹੀਂ ਚਾਹੁੰਦੇ ਹੋ ਤੁਹਾਡੀ ਵੱਡੀ ਭੁੱਲ ਇਹ ਹੈ ਕਿ ਤੁਸੀਂ ਭਰਮ ਨੂੰ ਭਰਮ ਦੇ ਵਿਸ਼ੇ ਵਿੱਚ ਮਿਲਾ ਦਿੰਦੇ ਹੋ ਕਿਉਂਕੇ ਭਰਮਦਾ ਵਿਸ਼ਾ ਝੂਠਾ ਹੁੰਦਾ ਹੈ ਪਰ ਭਰਮ ਤਾ ਸਤ੍ਯ ਹੈ ਜੈਸੇ ਸ਼ੁਕਤਿ ਰੱਜਤ ਮਿਥ੍ਯਾ ਹੈ ਪਰ ਉਸਦੇ ਵਿਸ਼ ਮੇਂ ਜੋ ਪੁਰਸ਼ ਨੂੰ ਭ-ਰਮ ਹੋਇਆ ਹੈ ਉਹ ਤਾਂ ਸੱਚ ਮੁੱਚ ਹੋਇਆ ਹੈ ਕਿਉਂਕਿ ਜੇਕਰ ਭਰਮ ਨਾ ਹੁੰਦਾ ਤਾਂ ਰੱਜਤ ਕੈਸੇ ਦਿਖਾਈ ਦੇਂਦਾ ਇਸ ਵਾਸਤੇ ਭਰਮ ਸਤ੍ਯ ਹੈ ਵੈਸੇ ਹੀ ਸੁਪਨੇ ਦੇ ਪਦਾ-ਰਥ ਮਿਥਿਆ ਹੈਨ ਪਰ ਸੁਪਨਾ ਤਾਂ ਸੱਚ ਮੁੱਚ ਹੋਇਆ ਹੈ ਨਹੀਂ ਤਾਂ ਸੁਪਨੇ ਦੇ ਪਦਾਰਥ ਕਿਉਂਕਰ ਵਿਖਾਈ ਦੇਂਦੇ ਇਸ ਲਈ ਸੁਪਨਾ ਸਤ੍ਯ ਹੈ ਇਸੇ ਪ੍ਰਕਾਰ ਯਦਿਪ ਇਹ ਬਾਤ ਅਸੀਂ ਮੰਨ ਭੀ ਲਈਏ ਕਿ ਜਗਤ ਅਗ੍ਯਾਨ ਥੋਂ ਦ੍ਰਿਸ਼ਟ ਪੜਦਾ ਹੈ ਤਾਂ ਜਗਤ ਮਿਥਿਆ ਠਹਿਰੇਗਾ ਤਥਾਪਿ ਅਗਿਆਨ ਤਾਂ ਸੱਚ ਮੁੱਚ ਹੋਇਆ ਹੈ ਨਹੀਂ ਤਾਂ ਜਗਤ ਕੈਸੇ ਦੇਖ ਪੜਦਾ ਬਸ ਅਗਿਆਨ ਸਤ੍ਯ ਹੈ ਸੋ ਸ਼ੁਕਤਿ ਰੱਜਤ ਸਥਾਨ ਮੇਂ ਤਾਂ ਜਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠਹਿਰਾ ਅਰ ਭਰਮ ਦੇ ਸਥਾਨ ਮੇਂ ਅਗ੍ਯਾਨ ॥

ਫੇਰ ਭਾਗਵਤ ਮੇਂ ਲਿਖਿਆ ਹੈ ਕਿ ਹਰਿ ਦੇ ਗੁਣ ਐਸੇ ਹੈਂ ਕਿ ਆਤਮਾ ਰਾਮ ਔਰ ਨਿਰਬੰਧ ਜੋ ਮੁਨਿ ਹੈਨ ਉਹ ਭੀ ਉਸ ਮਹਾ ਕਰਮ ਕਰਨੇ ਵਾਲੇ ਦੀ ਨਿਸ਼ਕਾਮ ਭਗਤਿ ਕਰਦੇ ਹੈਨ। ਬਸ ਇਹ ਸਭ ਪ੍ਰਮਾਨ ਵੇਦਾਂਤ ਸਿਧਾਂਤ ਦੇ ਬਿਰੁੱਧ ਹੈਨ ਕਿਉਂਕਿ ਜਬ ਜੀਵ ਆਪਹੀ ਬ੍ਰਹਮ ਹੈ, ਤਾਂ ਫੇਰ ਕਿਆ ਉਹ ਆਪਹੀ ਆਪਨੀ ਸੇਵਾ ਔਰ ਭਗਤਿ ਕਰ ਸੱਕੇਗਾ ॥

ਔਰ ਫੇਰ ਕਿਆ ਈਸ਼੍ਵਰ ਭਿੰਨ ਜੀਵ ਭਿੰਨ ਇਤ੍ਯਾਦਿਕ ਸੱਚ ਹੈ ਯਾ ਕੇਵਲ ਇੱਕ ਬ੍ਰਹਮ ਹੈ ਔਰ ਕੁਛ ਨਹੀਂ ਇਹ ਸੱਚ ਹੈ ਹੁਣ ਜੇਕਰ ਪਹਿਲੀ ਬਾਤ ਸੱਚ ਹੈ ਤਾਂ ਵੇਦਾਂਤ ਮਤ ਝੂਠਾ ਹੈ ਔਰ ਜੋ ਦੂਜੀ ਬਾਤ ਸੱਚ ਹੈ ਤਾਂ ਭਗਤਿ ਕੈਸੇ ਔਰ ਕਿਸ ਦੀ ਕੀਤੀ ਜਾਵੇਗੀ ਹੁਣ ਜੋ ਤੁਸੀਂ ਇਹ ਆਖਦੇ ਹੋ ਕਿ ਦੋਨੋਂ ਆਪਨੀ ਆਪਨੀ ਦਸ਼ਾ ਮੇਂ ਸੱਚ ਹੈਨ ਤਾਂ ਇਹ ਤੁਹਾਡੀ ਵੱਡੀ ਭੁੱਲ ਹੈ ਕਿਉਂਕਿ ਸਚਿਆਈ ਦੀ ਕੇਵਲ ਇੱਕ ਹੀ ਦਸ਼ਾ ਹੈ ਅਰਥਾਤ ਸੱਚ ਮੁੱਚ ਹੋਣਾ ਇਸਦੇ ਵਿਰੁੱਧ ਹੈ ਸੱਚ ਮੁੱਚ ਨਾ ਹੋਣਾ ਪਰ ਤੁਹਾਡੀ ਭੁੱਲ ਇਹ ਹੈ ਕਿ ਜਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਸੀਂ ਆਖਦੇ ਹੋ ਕਿ ਝੂਠ ਮੂਠ ਹੋਣਾ ਤਦ ਤੁਸੀਂ ਉਸਨੂੰ ਇੱਕ ਪ੍ਰਕਾਰ ਦਾ ਹੋਣਾ ਸਮਝਦੇ ਹੋ ਔਰ ਕਹਿੰਦੇ ਹੋ ਕਿ ਤਿੰਨ ਪ੍ਰਕਾਰ ਦਾ ਹੋਣਾ ਹੈ ਇੱਕ ਪਾਰਮਾਰਥਿਕ ਦੂਜਾ ਵਯਾਵਹਾਰਿਕ ਤੀਜਾ ਪ੍ਰਾਤਿਭਾਸਿਕ ॥

ਹੁਣ ਇਨ੍ਹਾਂ ਦਾ ਤਾਤਪ੍ਰਯ ਭੀ ਸੱਚ ਮੁੱਚ ਉਹੀ ਹੈ ਜੋ ਅਸਾਂ ਨੇ ਆਖਿਆ ਹੈ ਕਿਉਂਕਿ ਪਾਰਮਾਰਥਿਕ ਸੱਤਾ ਉਹ ਹੈ ਜੋ ਸੱਚੀ ਸੱਤਾ ਹੈ ਜੈਸੀ ਬ੍ਰਹਮ ਦੀ ਔਰ ਵਯਾਵਹਾਰਿਕ ਸੱਤਾ ਉਹ ਹੈ ਜੋ ਸੱਚੀ ਨਹੀਂ ਹੈ ਪਰ ਉਸ ਦਾ ਅਗਯਾਨ ਥੋਂ ਵਿਵਹਾਰ ਕੀਤਾ ਜਾਂਦਾ ਹੈ ਜੈਸੀ ਜਗਤ ਦੀ ਔਰ ਪ੍ਰਾਤਿਭਾਸਿਕ ਸੱਤਾ ਉਹ ਹੈ ਜੋ ਸੱਚੀ ਨਹੀਂ ਪਰ ਉਸਦਾ ਕੇਵਲ ਪ੍ਰਿਤਿਭਾਸ ਹੁੰਦਾ ਹੈ ਜੈਸੀ ਰੱਜੁ ਸ੍ਰਪ ਦੀ ਬਸ ਹੁਣ ਜੇਦ ਸੱਚੀ ਸੱਤਾ ਇੱਕ ਪ੍ਰਕਾਰ ਦੀ ਹੈ ਤਾਂ ਉਸਦੇ ਸਿਵਾਇ ਸਭੋ ਸੱਤਾ ਅਸਤ੍ਯ ਹੈਨ ਔਰ ਅਸਤ੍ਯ ਦਾ ਅਰਥ ਇਹੀ ਹੈ ਕਿ ਨਹੀਂ ਹੈਨ ॥

ਹੁਣ ਵੇਦਾਂਤੀ ਆਖਦੇ ਹੈਨ ਕਿ ਜਦ ਰੱਜੁ ਪਰ ਸ੍ਰਪ ਨੂੰ ਵ੍ਰੇਖਦੇ ਹੈਨ ਤਦ ਉਸ ਰੱਜੁ ਮੇਂ ਸੱਚ ਮੁੱਚ ਪ੍ਰਾਤਿਭਾਸਿਕ ਸ੍ਰਪ ਉਤਪੱਨ ਹੁੰਦਾ ਹੈ ਤਾਂ ਅਸੀਂ ਪੁੱਛਦੇ ਹਾਂ ਕਿ ਜਦ ਰੱਜੁ ਮੇਂ ਸੱਚ ਮੁੱਚ ਸ੍ਰਪ ਉਤਪੱਨ ਹੁੰਦਾ ਹੈ ਤਾਂ

CC-0. In.Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰ ਉਹ ਭਰਮ ਕਿਸ ਲਈ ਠਹਿਰਾ ਕਿਉਂਕਿ ਜੋ ਵਸਤੁ ਨਹੀਂ ਹੈ ਉਸਕੋ ਵੇਖਣਾ ਭ੍ਰਮ ਹੈ ਪਰ ਜੋ ਵਸਤੁ ਹੈ ਉਸ ਕੋ ਵੇਖਣਾ ਤਾਂ ਪਰਮਾ ਅਰਥਾਤ ਠੀਕ ਗਿਆਨ ਹੈ ਪਰ ਹੁਣ ਜੇ ਕਹੋ ਕਿ ਉੱਥੇ ਪਾਰਮਾਰਥਿਕ ਸ੍ਰੂਪ ਨਹੀਂ ਪਰ ਪ੍ਰਾਤਿਭਾਸਿਕ ਹੈ ਇਸ ਲਈ ਉਹ ਭਰਮ ਹੈ ਤਾਂ ਅਸੀਂ ਆਖਦੇ ਹਾਂ ਕਿ ਜੋ ਪਾਰਮਾਰਥਿਕ ਨਹੀਂ ਸੋ ਸੱਚਾ ਨਹੀਂ ਔਰ ਜੋ ਸੱਚਾ ਨਹੀਂ ਉਹ ਝੂਠਾ ਹੈ ਔਰ ਜੋ ਝੂਠਾ ਹੈ ਸੋ ਨਹੀਂ ਹੈ ਔਰ ਪ੍ਰਾਤਿਭਾਸਿਕ ਪਦ ਕਾ ਅਰਥ ਭੀ ਇਹੀ ਹੈ ਕਿ ਜੋ ਨਹੀਂ ਹੈ ਕੇਵਲ ਪ੍ਰਿਤਿਭਾਸਿ ਹੁੰਦਾ ਹੈ ਫੇਰ ਉਸਨੂੰ ਆਖਦੇ ਹੋ ਕਿ ਹੈ ਤੋ ਇਹ ਕੈਸਾ ਬਿਰੁੱਧ ਵਾਕਿ ਹੈ ਇਸ ਲਈ ਤੁਸੀਂ ਇਹ ਜਾਨੋ ਔਰ ਸਮਝੋ ਕਿ ਪਾਰ-ਮਾਰਥਿਕ ਸੱਤਾ ਵਯਾਵਹਾਰਿਕ ਸੱਤਾ ਪ੍ਰਾਤਿਭਾਸਿਕ ਸੱਤਾ ਇਹ ਕੇਵਲ ਤਿੰਨ ਨਾਮ ਮਾਤ੍ਰ ਹੈਨ ਪਰੰਤੁ ਸੱਤਾ ਕੇਵਲ ਇੱਕੋ ਹੀ ਹੈ ਫੇਰ ਇਹ ਜੋ ਪਿਛਲੇ ਦੋ ਨਾਉਂ ਹੈਨ ਅਰ-ਥਾਤ ਵਯਾਵਹਾਰਿਕ ਔਰ ਪ੍ਰਾਤਿਭਾਸਿਕ ਓਨ੍ਹਾਂ ਦਾ ਭੀ ਅਰਥ ਇੱਕੋਹੀ ਹੈ ਕਿਉਂਕਿ ਜੋ ਪਾਰਮਾਰਥਿਕ ਅਰਥਾਤ ਸੱਚਾ ਨਹੀਂ ਉਹ ਝੂਠਾ ਹੈ ਔਰ ਝੂਠੇ ਵਿੱਚ ਕੁਛ ਪ੍ਰਕਾਰ ਨਹੀਂ ਹੈ ਕਿ ਇੱਕ ਸੱਚ ਮੁੱਚ ਝੂਠਾ ਔਰ ਦੂਜਾ ਝੂਠ ਮੂਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝੂਠਾ ਹੈ ਪਰੰਤੁ ਜਿਸ ਵਿੱਚ ਸਚਿਆਈ ਨਹੀਂ ਉਹ ਝੂਠਾ ਹੈ ਇਸ ਵਾਸਤੇ ਵਯਾਵਹਾਰਿਕ ਔਰ ਪ੍ਰਾਤਿਭਾਸਿਕ ਮੇਂ ਜਦ ਪਾਰਮਾਰਥਿਕ ਸੱਤਾ ਦਾ ਅਰਥਾਤ ਸਚਿਆਈ ਦਾ ਭਾਗ ਨਹੀਂ ਹੈ ਤਦ ਤੁਹਾਡੇ ਮਤ ਦੇ ਅਨੁਸਾਰ ਵਯਾਵ-ਹਾਰਿਕ ਜੋ ਜਗਤ ਹੈ ਔਰ ਪ੍ਰਾਤਿਭਾਸਿਕ ਜੋ ਰੱਜੁ ਸੂਪ ਹੈ ਦੋਵੇਂ ਇੱਕੋ ਜਿਹੇ ਝੂਠੇ ਹੈਨ। ਕਿਉਂਕਿ ਜਿਹਾ ਰੱਜੁ ਦਾ ਸੂਪ ਕੁਛ ਹੈ ਨਹੀਂ ਤਿਹਾ ਹੀ ਤੁਹਾਡੇ ਮਤ ਦੇ ਅਨੁ-ਸਾਰ ਈਸ਼੍ਵਰ ਔਰ ਜਗਤ ਤੇ ਜੀਵ ਇਤਯਾਦਿਕ ਕੁਛ ਹੈ ਹੀ ਨਹੀਂ ਤਦ ਤੁਸੀਂ ਕਿਸ ਪ੍ਰਕਾਰ ਥੋਂ ਉਸਦੀ ਭਗਤਿ ਕਰੋਗੇ ॥

ਫੇਰ ਤੁਸੀਂ ਆਖਦੇ ਹੋ ਕਿ ਗਯਾਨ ਦੇ ਉਪਜਨੇ ਪਰ ਸੰਚਿਤ ਤੇ ਕਿਰੇਮਾਣ ਦੋਵੇਂ ਕਰਮ ਨਸ਼ਟ ਹੁੰਦੇ ਹੈਨ ਤਾਂ ਫੇਰ ਪਾਪ ਕਰੇ ਤਾਂ ਕਿਆ ਔਰ ਧਰਮ ਕਰੇ ਤਾਂ ਕਿਆ ਜਿਹਾ ਸੱਜੇ ਜਾਣਾ ਤਿਹਾ ਹੀ ਖੱਬੇ ਜਾਣਾ ॥

ਫੇਰ ਤੁਸੀਂ ਆਖਦੇ ਹੋ ਕਿ ਜਿਸਕੋ ਗਯਾਨ ਉਪਜਦਾ ਹੈ ਉਸ ਥੋਂ ਪਾਪ ਕਰਮ ਕਦੇ ਹੁੰਦਾ ਹੀ ਨਹੀਂ ਤਾਂ ਇਹ ਬਾਤ ਤੁਹਾਡੇ ਹੀ ਆਖਣੇ ਥੋਂ ਖੰਡਿਤ ਹੁੰਦੀ ਹੈ ਕਿਉਂਕਿ ਜਦ ਤੁਸੀਂ ਆਖਦੇ ਹੋ ਕਿ ਗਯਾਨ ਥੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਚਿਤ ਤੇ ਕਿਰੇਮਾਣ ਕ੍ਰਮ ਨਸ਼ਟ ਹੁੰਦੇ ਹੈਨ ਤਾਂ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਗਜਾਨ ਪ੍ਰਾਪਤਿ ਹੋਨੇ ਪਰ ਪਾਪ ਪੁੰਨ ਦੇ ਕਰਮ ਹੁੰਦੇ ਹੈਨ ਔਰ ਜੈਸਾ ਤੁਸੀਂ ਆਖਦੇ ਹੋ ਕਿ ਗਜਾਨ ਥੋਂ ਪ੍ਰਾਰਬਧ ਕਰਮ ਨਹੀਂ ਮਿਟਦਾ ਤੈਸਾ ਹੀ ਤੁਸੀਂ ਨਿਸ਼ਚੇ ਜਾਨੋਂ ਕਿ ਸੰਚਿਤ ਤੇ ਕਿਰੇਮਾਣ ਕ੍ਰਮ ਭੀ ਕਦੇ ਨ ਮਿਟੇਗਾ ਕਿਉਂਕਿ ਇੱਕ ਨੂੰ ਮਿੱਟਣਾ ਆ-ਖਣਾ ਦੂਜੇ ਨੂੰ ਨਹੀਂ ਮਿਟਣਾ ਆਖਣਾ ਅਤਿਯੰਤ ਨਿਰ-ਯੁਕਤਕ ਹੈ॥

ਫੇਰ ਜਦ ਗਜਾਨ ਪ੍ਰਾਪਤਿ ਹੋਇਆ ਕਿ ਸਭ ਮਿਥਿਜਾ ਹੈ ਤਦ ਸ਼ਰੀਰ ਭੀ ਮਿਥਿਜਾ ਹੈ ਫਿਰ ਐਸਾ, ਗਜਾਨ ਉਪ-ਜਦੇ ਹੀ ਜੈਸੀ ਹੋਰ ਭ੍ਰਾਂਤਿ ਦੂਰ ਹੋ ਜਾਂਦੀ ਹੈ ਵੈਸੀ ਉਸੀ ਛਣ ਸ਼ਰੀਰ ਦੀ ਭ੍ਰਾਂਤਿ ਭੀ ਦੂਰ ਹੋਕਰ ਬਿਦੇਹ ਕੇਵਲਜ ਕਿਉਂ ਨਹੀਂ ਪ੍ਰਾਪਤਿ ਕਰਦੇ ਕਿਯਾ ਜੀਵਨ ਮੁਕਤਿ ਗਜਾਨ ਕੁਛ ਕੱਚਾ ਰਹਿੰਦਾ ਹੈ ਕਿਉਂਕਿ ਸ਼ਰੀਰ ਆਦਿਕੋਂ ਦੀ ਭ੍ਰਾਂਤਿ ਬ੍ਰਹਮ ਗਜਾਨੀ ਕੋ ਬਣੀ ਰਹਿੰਦੀ ਹੈ ਔਰ ਇਹ ਤੁਹਾਡੇ ਸਿਧਾਂਤ ਦੇ ਬਿਰੁਧ ਹੈ ਕਿਉਂਕਿ ਤੁਸੀਂ ਆਖਦੇ ਹੋ ਕਿ ਜਦ ਸਾਖਿਆਤ ਗਿਆਨ ਹੁੰਦਾ ਹੈ ਤਬੀ ਜੀਵਨ ਮੁਕਤਿ ਹੋ ਜਾਂਦਾ ਹੈ ਫੇਰ ਕੱਚਾਪਨ ਕਿੱਥੇ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਯਾ ਜਿਸਨੇ ਰੱਜੁ ਨੂੰ ਆਪਨੇ ਨੇਤ੍ਰਾਂ ਥੋਂ ਸਾਖਿਆਤ ਵੇਖ ਲਿਆ ਉਸਨੂੰ ਭੀ ਕੁਛ ਭ੍ਰਾਂਤਿ ਬਾਕੀ ਰਹਿਜਾਂਦੀ ਹੈ॥

ਹੁਣ ਤੁਸੀਂ ਜੋ ਆਖਦੇ ਹੋ ਕਿ ਤਤੁ ਗਯਾਨ ਹੋਣੇ ਪਰ ਆਵਰਣ ਤਾਂ ਨਸ਼ਟ ਹੋ ਜਾਂਦਾ ਹੈ ਪਰ ਵਿਛੇਪ ਕੁਛ ਦੇਰ ਤਕ ਰਹਿ ਜਾਂਦਾ ਹੈ ਸੋ ਇਹ ਭੀ ਤੁਹਾਡੀ ਵਡੀ ਭੁੱਲ ਤੇ ਗ਼ਲਤੀ ਹੈ ਕਿਉਂਕਿ ਵਸਤੁ ਦਾ ਸਾਛਾਤਕਾਰ ਹੋਣੇ ਪਰ ਨਾ ਆਵਰਣ ਰਹਿੰਦਾ ਹੈ ਨਾ ਵਿਛੇਪ ਰਹਿੰਦਾ ਹੈ ਪਰ ਜੇਕਰ ਐਸਾ ਭੀ ਹੋ ਕਿ ਜੀਵਨ ਮੁਕਤਿ ਦੇ ਗਿਆਨ ਦੇ ਕੱਚਾ ਹੋਣੇ ਥੋਂ ਪ੍ਰਾਰਬਧ ਔਰ ਸ਼ਰੀਰ ਦਾ ਨਾਸ਼ ਨਹੀਂ ਹੁੰਦਾ ਤਾਂ ਫੇਰ ਸੰਚਿਤ ਔਰ ਕਿਰੇਮਾਣ ਦਾ ਨਾਸ਼ ਭੀ ਕਿਉਂਕਰ ਹੋਵੇਗਾ। ਬਸ ਹੁਣ ਇਹ ਸਿੱਧ ਹੋਇਆ ਕਿ ਤੁਸੀਂ ਇਸ ਵਿਸ਼ੇ ਮੇਂ ਕਿਸੀ ਪ੍ਰਕਾਰ ਥੋਂ ਉਤ੍ਰ ਨਹੀਂ ਦੇ ਸੱਕਦੇ ॥

ਹੁਣ ਅਸੀਂ ਤੁਸਾਂ ਨੂੰ ਸੈਛੇਪ ਵਿੱਚ ਸੱਤਾ ਦਾ ਤਤੁ ਗਿਆਨ ਸਮਝਾਉਂਦੇ ਹਾਂ ਔਰ ਉਹ ਇਹ ਹੈ ਕਿ ਜਦ ਤੁਸੀਂ ਆਖਦੇ ਹੋ ਕਿ ਪਾਰਮਾਰਥਿਕ ਪਦਾਰਥ ਹੈ ਵਯਾਵਹਾਰਿਕ ਪਦਾਰਥ ਹੈ॥ ਪ੍ਰਾਤਿਭਾਸਿਕ ਪਦਾਰਥ ਹੈ॥ ਤਦ ਤੁਸੀਂ ਇਹ ਕਿਉਂ ਨਹੀਂ ਬਿਚਾਰਦੇ ਕਿ ਜਦ ਅਸਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਤਿੱਨਾਂ ਪ੍ਰਕਾਰ ਦੇ ਪਦਾਰਥਾਂ ਨੂੰ ਹੈ ਆਖਿਆ ਤਦ ਅਸਾਂ ਨੇ ਤਿੰਨਾਂ ਦਾ ਇੱਕੋ ਹੀ ਪ੍ਰਕਾਰ ਦਾ ਹੋਣਾ ਮੱਨ ਲਿਆ ਤਾਂ ਫੇਰ ਅਸੀਂ ਜੋ ਉਨਾਂ ਦੇ ਹੋਣੇ ਨੂੰ ਭਿੰਨ ਭਿੰਨ ਪ੍ਰਕਾਰ ਦਾ ਆਖਦੇ ਸਾਂ ਹੁਣ ਉਹ ਕਿੱਥੇ ਰਿਹਾ ਕਿਉਂਕਿ ਪ੍ਰਤੱਛ। ਅਨੁਮਾਨ। ਆਪਤ ਬਚਨ। ਆਦਿਕ ਪ੍ਰਮਾਣਾਂ ਵਿਚੋਂ ਕਿਸੇ ਇਕ ਪ੍ਰਮਾਣ ਥੋਂ ਜੋ ਤੁਸਾਂ ਨੂੰ ਨਿਸ਼ਚੇ ਹੋਇਆ ਕਿ ਉਹ ਪਦਾਰਥ ਹੈ ਤਾਂ ਉਹੀ ਤੁਸਾਂ ਦਾ ਉਸ ਦੇ ਹੋਣੇ ਨੂੰ ਜਾਨਣਾ, ਹੈ ਔਰ ਉਸਦੇ ਜਾਨਣੇ ਮੇਂ ਹੁਣ ਕੁਛ ਬਾਕੀ ਨਹੀਂ ਹੈ ਬਸ ਇਸੀ ਪ੍ਰਕਾਰ ਥੋਂ ਜਦ ਤੁਹਾਨੂੰ ਇਹ ਨਿਸ਼ਚੇ ਹੋ ਕਿ ਇਹ ਪਾਰਮਾਰਥਿਕ ਪਦਾਰਥ ਹੈ॥ ਵਯਾਵਹਾਰਿਕ ਪਦਾਰਥ ਹੈ। ਪ੍ਰਾਤਿਭਾਸਿਕ ਪਦਾਰਥ ਹੈ। ਤਦ ਤੁਸੀਂ ਉਨ੍ਹਾਂ ਦੇ ਹੋਣੇ ਨੂੰ ਜਾਨ ਚੁੱਕੇ ਪਰ ਜਦ ਉਨ੍ਹਾਂ ਦੇ ਹੋਣੇ ਵਿੱਚ ਕੁਛ ਭੇਦ ਹੁੰਦਾ ਤਦ ਉਸ ਦਾ ਕਾਰਣ ਤੁਹਾਨੂੰ ਅਵਸ਼ਿ ਮਾਲੂਮ ਹੁੰਦਾ ਪਰ ਜਦ ਕੋਈ ਕਾਰਣ ਮਾਲੂਮ ਨਹੀਂ ਹੁੰਦਾ ਪਰ ਤਿੰਨਾਂ ਨੂੰ ਹੈ ਹੈ ਕਹਿਨੇ ਮੇਂ ਇੱਕੋ ਹੀ ਪ੍ਰਕਾਰ ਦਾ ਹੋਣਾ ਭਾਸਦਾ ਹੈ ਤਾਂ ਫੇਰ ਤੁਸੀਂ ਭਿੰਨ ਪ੍ਰਕਾਰ ਦਾ ਹੋਣਾ ਕਿਥੋਂ ਲਿਆਉਂਦੇ ਹੋ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਜੇਕਰ ਤੁਸੀਂ ਕਹੋ ਕਿ ਉਹ ਪਦਾਰਥ ਤਿੰਨ ਪ੍ਰਕਾਰ ਦੇ ਭਿੰਨ ਭਿੰਨ ਹੈਨ ਤਾਂ ਅਸੀਂ ਆਖਦੇ ਹਾਂ ਕਿ ਇਹ ਤਾਂ ਉਨਾਂ ਦੀ ਜ਼ਾਤਿ ਮੇਂ ਭੇਦ ਠਹਿਰੇਗਾ ਪਰੰਤੂ ਉਨਾਂ ਦੇ ਹੋਣ ਵਿੱਚ ਭੇਦ ਕੁਛ ਨਹੀਂ ਹੈ ਬਸ ਹੁਣ ਅਸੀਂ ਤੁਹਾਨੂੰ ਕਹਿੰਦੇ ਹਾਂ ਕਿ ਯਦਪਿ ਤੁਸੀਂ ਜਗਤ ਨੂੰ ਅ-ਗਯਾਨ ਕਲਿਪਤ ਆਖਕੇ ਅਸਤਯ ਠਹਿਰਾਓ ਤਥਾਪਿ ਉਸ ਅਗਯਾਨ ਨੂੰ ਅਸਤਯ ਨਹੀਂ ਕਹਿ ਸੱਕਦੇ ਪਰ ਤੁਸੀਂ ਜੋ ਉਸ ਅਗਯਾਨ ਨੂੰ ਭੀ ਅਸਤਯ ਠਹਿਰਾਉਣ ਦੇ ਲਈ ਅਗਯਾਨ ਕਲਿਪਤ ਕਹਿੰਦੇ ਹੋ ਤਾਂ ਇਹ ਕਿਉਂ ਨਹੀਂ ਬਿਚਾਰਦੇ ਕਿ ਜਦ ਉਹ ਅਗਯਾਨ ਅਸਤਯ ਹੈ ਅਰਥਾਤ ਕੁਛ ਹੈ ਨਹੀਂ ਤਾਂ ਫੇਰ ਉਹ ਆਪਨੀ ਕਲ-ਪਨਾ ਕਿੱਥੋਂ ਕਰ ਸੱਕੇਗਾ ਹੁਣ ਇਸ ਕਠਣਤਾ ਦੇ ਦੂਰ ਕਰਨ ਲਈ ਤੁਸੀਂ ਕਹਿੰਦੇ ਹੋ ਕਿ ਯਦਿਪ ਅਗਯਾਨ ਕਲਿਪਤ ਹੈ ਔਰ ਇਸੇ ਵਾਸਤੇ ਉਹ ਪਾਰਮਾਥਿਕ ਸਤਯ ਨਹੀਂ ਹੈ ਤਾਂ ਭੀ ਉਹ ਐਸਾ ਨਹੀਂ ਕਿ ਸ੍ਵਥਾ ਕੁਛ ਨਹੀਂ ਕਿਉਂਕਿ ਉਹ ਪ੍ਰਾਤਿਭਾਸਿਕ ਹੈ। ਅਸੀਂ ਕਹਿੰਦੇ ਹਾਂ ਕਿ ਇਸ ਵਿੱਚ ਤੁਹਾਡੀ ਐਸੀ ਭੁਲ ਹੈ ਕਿ ਕੁਛ ਕਹਾ ਨਹੀਂ ਜਾਂਦਾ ਕਿਉਂਕਿ ਜੋ ਪਦਾਰਥ ਅਗਯਾਨ ਕਲਿਪਤ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰ ਪਾਰਮਾਰਥਿਕ ਸਤਜ ਨਹੀਂ ਉਹ ਤਾਂ ਸ੍ਰਵਥਾ ਕੁਛ ਹੈ ਹੀ ਨਹੀਂ ਤਦ ਉਹ ਕਿਸੀ ਦੀ ਕ੍ਰਿਯਾ ਕਲਪਨਾ ਕਰ ਸੱਕੇਗਾ ਇਸੇ ਪ੍ਰਕਾਰ ਜਦ ਜੀਵ ਬ੍ਰਹਮ ਹੈ ਹੀ ਨਹੀਂ ਤਾਂ ਫੇਰ ਜਦ ਉਹ ਇਹ ਜਾਨੇ ਕਿ ਮੈਂ ਬ੍ਰਹਮ ਹਾਂ ਤਦ ਇਹ ਗਜਾਨ ਨਹੀਂ ਪਰ ਮਹਾਅਗਜਾਨ ਹੈ ਔਰ ਇਸ ਦੇ ਹੇਤੁ ਥੋਂ ਮੁਕਤਿ ਹੋਨ ਦੇ ਬਦਲੇ ਉਹ ਹੋਰ ਭੀ ਅਧਿਕ ਡੰਡ ਦੇ ਯੋਗਜ ਠਹਿਰੇਗਾ ਫੇਰ ਵੇਦਾਂਤੀ ਕਹਿੰਦੇ ਹਨ ਕਿ ਜੈਸੇ ਸੁਪਨੇ ਦੇ ਪਦਾਰਥਾਂਦੀ ਰਚਨਾ ਭਰਮ ਰੂਪ ਔਰ ਅਸਤਜ ਹੈ ਵੈਸੇ ਹੀ ਜਗਤ ਦੇ ਪਦਾਰਥਾਂ ਦੀ ਰਚਨਾ ਭਰਮ ਰੂਪ ਔਰ ਅਸਤਜ ਹੈ ਅਸੀਂ ਕਹਿੰਦੇ ਹਾਂ ਕਿ ਸੁਪਨੇ ਦੇ ਅਨੁਭਵ ਥੋਂ ਤਾਂ ਜਗਤ ਦਾ ਸਤਜ ਹੋਨਾ ਹੀ ਸਿੱਧ ਹੁੰਦਾ ਹੈ ਕਿਉਂਕਿ ਇਸ ਬਾਤ ਨੂੰ ਅਸੀਂ ਤੁਸੀਂ ਦੋਵੇਂ ਮੰਨਦੇ ਹਾਂ ਕਿ ਸੁਪਨਾ ਭਰਮ ਹੈ ਪਰ ਭਰਮ ਤਾਂ ਉਨ੍ਹਾਂ ਹੀ ਪਦਾਰਥਾਂ ਦਾ ਹੋ ਸੱਕਦਾ ਹੈ ਜਿਨਾਂ ਨੂੰ ਕਦੇ ਸੱਚ ਮੁਚ ਵੇਖਿਆ ਤੇ ਸੁਣਾ ਹੈ ਇਸ ਲਈ ਸੁਪਨੇ ਮੇਂ ਵੈਸੀ ਰਚਨਾ ਵੇਖਨੇ ਦਾ ਕਾਰਣ ਇਹੋ ਹੈ ਕਿ ਪਹਿਲੇ ਅਸਾਂ ਨੇ ਜਗਤ ਦੀ ਸੱਚੀ ਰਚਨਾ ਵੇਖੀ ਹੈ ਜਿਸ ਨੂੰ ਇੱਕ ਕਰਤਾ ਨੇ ਜਾਨ ਬੂਝ ਕੇ ਆਪਨੀ ਅਪਾਰ ਇੱਛਿਆ ਅਨੁਸਾਰ ਰਚਾ ਔਰ ਸਾਜਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਬਸ ਇਸ ਦੇ ਵੇਖਣੇ ਥੋਂ ਸੁਪਨੇ ਵਿਖੇ ਕੇਵਲ ਉਸ ਦੀ ਪ੍ਰਿਤਮਾ ਵਿਖਾਈ ਦੇਂਦੀ ਹੈ ਪ੍ਰੰਤੁ ਜਦੋਂ ਇਹ ਸੱਚੀ ਰਚਨਾ ਵੇਖਨੇ ਮੇਂ ਨਾ ਆਉਂਦੀ ਤਾਂ ਸੁਪਨੇ ਵਿਖੇ ਵੈਸੀ ਕਦੇ ਦਿਖਾਈ ਨਾ ਦੇਂਦੀ ॥

ਫੇਰ ਵੇਦਾਂਤੀ ਨਾ ਕੇਵਲ ਗਜਾਨ ਦੇ ਵਿਸ਼ੇਂ ਕੋ ਅਗਜਾਨ ਕਲਿਪਤ ਔਰ ਮਿਥਿਆ ਆਖਦੇ ਹਨ ਬ੍ਰਨ ਉਨ੍ਹਾਂ ਤੇ ਮਤ ਥੋਂ ਗਜਾਨ ਭੀ ਅਗਜਾਨ ਕਲਿਪਤ ਔਰ ਮਿਥਿਆ ਹੈ ਸੋ ਵੇਖੋ ਵੇਦਾਂਤ ਮਤ ਥੋਂ ਨਾ ਕੇਵਲ ਉਹ ਪਦਾਰਥ ਜਿਨਾਂ ਨੂੰ ਅਸੀਂ ਵੇਖਦੇ ਤੇ ਛੁਹੁਦੇ ਹਾਂ ਮਿਥਿਆ ਹੈਨ ਪਰ ਉਨ੍ਹਾਂ ਦਾ ਵੇਖਨਾ ਤੇ ਛੁਹੁਣਾ ਭੀ ਮਿਥਿਆ ਹੈ ॥

ਪਰੰਤੁ ਬਿਸ਼ਪ ਬ੍ਰਕਲੀ ਉਨ੍ਹਾਂ ਪਦਾਰਥਾਂ ਨੂੰ ਜਿਨ੍ਹਾਂ ਨੂੰ ਅਸੀਂ ਵੇਖਦੇ ਤੇ ਛੁਹੁਦੇ ਹਾਂ ਗਜਾਨ ਸਰੂਪ ਮੰਨਦਾ ਸੀ ਔਰ ਗਜਾਨ ਸਰੂਪ ਮੰਨਕੇ ਉਨ੍ਹਾਂ ਨੂੰ ਸਤਜ ਸਮਝਦਾ ਸੀ। ਔਰ ਓਹ ਵੱਡਾ ਗੰਭੀਰ ਪੰਡਿਤ ਔਰ ਸੂਛਮ ਬਿਚਾਰ ਵਾਨ ਸੀ ਉਸ ਦੇ ਸਮਾਨ ਇਸ ਦੇਸ਼ ਮੇਂ ਕੋਈ ਨਹੀਂ ਹੈ ॥ ਆਦਿਕ

ਹੁਣ ਵੇਦਾਂਤੀਆਂ ਦੀ ਮੁਕਤਿ ਦਾ ਸੰਛੇਪ ਵਿੱਚ ਬਰਨਨ ਕਰਦੇ ਹਾਂ ਔਰ ਉਹ ਇਹ ਹੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਦਾਂਤੀ ਕਹਿੰਦੇ ਹਨ ਕਿ ਮੁਕਤਿ ਦੀ ਪ੍ਰਾਪਤੀ ਦੇ ਲਈ ਗਜਾਨ ਦੀ ਪ੍ਰਾਪਤੀ ਅਵਸ਼ਿਕ ਹੈ ਔਰ ਗਜਾਨ ਦੀ ਪ੍ਰਾਪਤੀ ਦੇ ਲਈ ਬੁਧਿ ਦੀ ਸੁਧਿ ਅਵਸ਼ਿਕ ਹੈ ਔਰ ਉਹ ਅਨੇਕ ਜਨਮਾਂ ਤੀਕ ਜਪੁ ਤਪੁ ਤੀਰਥ ਯਾਤ੍ਰਾਦਿਕ ਪੁੰਨ ਕਰਮਾਂ ਔਰ ਵੇਦ ਅਨੁਸਾਰ ਯਗਯਾਗ ਆਦਿਕ ਕਰਮਾਂ ਦੇ ਕਰਨ ਥੋਂ ਪ੍ਰਾਪਤਿ ਹੁੰਦੀ ਹੈ ਤਦ ਉਸ ਦੀ ਪ੍ਰਾਪਤੀ ਥੋਂ ਗਜਾਨ ਪ੍ਰਾਪਤਿ ਹੁੰਦਾ ਹੈ ਔਰ ਗਜਾਨ ਦੀ ਪ੍ਰਾਪਤੀ ਥੋਂ ਵਿਦੇਹ ਕੈਵਲਯ ਪ੍ਰਾਪਤਿ ਹੁੰਦੀ ਹੈ ਤਦ ਪੂਰੀ ਮੁਕਤਿ ਪਾਸ਼ਾਣ ਸਮਾਨ ਹੋ ਜਾਨੇਦੀ ਵੇਦਾਂਤ੍ਰਾ ਨੂੰ ਪ੍ਰਾਪਤਿ ਹੁੰਦੀ ਹੈ ॥

ਹੁਣ ਇਸ ਥੋਂ ਇਹੀ ਪ੍ਰਗਟ ਹੁੰਦਾ ਹੈ ਕਿ ਵੇਦਾਂਤੀਆਂ ਦੀ ਮੁਕਤਿ ਪਾਸ਼ਾਣ ਸਮਾਨ ਹੋ ਜਾਨੇ ਥੋਂ ਕੇਵਲ ਨਾਸ਼ ਰੂਪ ਔਰ ਸ਼ੂਨ ਹੋ ਜਾਣਾ ਹੀ ਸਿੱਧ ਹੁੰਦੀ ਹੈ ਔਰ ਪਾਸ਼ਾਣ ਸਮਾਨ ਹੋ ਜਾਣੇ ਥੋਂ ਗਜਾਨ ਕਦੇ ਕੁਛਭੀ ਨਹੀਂ ਰਹਿੰਦਾ ਔਰ ਜਦ ਗਜਾਨ ਨਾ ਰਹਾ ਤਦ ਅਨੰਦ ਦੀ ਪ੍ਰਾਪਤੀ ਕਿੱਥੇ ਹੋਈ ਔਰ ਜਦੋਂ ਅਨੰਦ ਦੀ ਪ੍ਰਾਪਤੀ ਨ ਹੋਈ ਤਦੋਂ ਉਹ ਮੁਕਤਿ ਕਿਆ ਹੋਈ ਕੇਵਲ ਚੈਤਨਜ ਥੋਂ ਜੜ੍ਹ ਰੂਪ ਹੀ ਹੋ ਜਾਣਾ ਹੋਈ ॥ ਆਦਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜੇ ਇਹ ਕਿ ਜਦ ਜੀਉ ਬ੍ਰਹਮ ਹੈ ਹੀ ਨਹੀਂ ਤਾਂ ਫੇਰ ਜੇਕਰ ਉਹ ਇਹ ਜਾਨੇ ਔਰ ਮਾਨੇ ਕਿ ਮੈਂ ਹੀ ਬ੍ਰਹਮ ਹਾਂ ਤਦ ਇਹ ਗਯਾਨ ਨਹੀਂ ਪਰੰਤੂ ਮਹਾ ਅਗਯਾਨ ਹੈ ਔਰ ਇਸ ਦੇ ਹੇਤੁ ਥੋਂ ਮੁਕਤਿ ਹੋਨੇ ਦੇ ਬਦਲੇ ਉਹ ਹੋਰ ਭੀ ਵਧੀਕ ਡੰਡ ਦੇ ਯੋਗਯ ਠਹਿਰੇਗਾ ॥

ਔਰ ਫੇਰ ਵੇਦਾਂਤੀ ਇਸ ਦੇ ਬਿਰੁੱਧ ਆਖਦੇ ਹੈਨ ਕਿ ਜੀਵਦਾ ਸੱਚਾ ਸਰੂਪ ਸਦਾ ਸ਼ੁਧ ਬੁਧ ਮੁਕਤਿ ਔਰ ਨ੍ਰਿ-ਲੇਪ ਹੈ ਉਹ ਨਾ ਕਦੇ ਬਧ ਸੀ ਨਾ ਬਧ ਹੈ ਔਰ ਨਾ ਉਸ ਨੂੰ ਮੁਕਤਿ ਹੋਨਾ ਹੈ। ਧਰਮ ਅਧਰਮ ਦੋਵੇਂ ਬੰਧਨ ਹੈਨ। ਬ੍ਰਹਮ ਗਯਾਨੀ ਇਨਾਂ ਬੰਧਨਾਂ ਥੋਂ ਨਿਰਬੰਧ ਹੋ ਜਾਂਦਾ ਹੈ ਫੇਰ ਚਾਹੋ ਕੁਛ ਕਰੇ ਉਸ ਨੂੰ ਕੁਝ ਦੋਸ਼ ਨਹੀਂ ਹੈ ॥

ਗ੍ਰੰਥ ਵਾਕਿ

ਬੰਧਨ ਤੋੜ ਭਏ ਨਿਰ ਵੈਰ।
ਅਨਿ ਦਿਨ ਪੂਜਿਹ ਗੁਰਕੇ ਪੈਰ ॥

ਹੁਣ ਹੇ ਵੇਦਾਂਤੀਓ ਤੁਸੀਂ ਪਖਬਾਦ ਨੂੰ ਤਯਾਗ ਕੇ ਕਿਉਂ ਨਹੀਂ ਇਹ ਸੋਚ ਬਿਚਾਰ ਕਰਦੇ ਕਿ ਜਦ ਸਾਡੀ ਮਾਯਾ ਅਰਥਾਤ ਅਗਯਾਨ ਅਰ ਜਗਤ ਆਦਿਕ ਇਹ ਸਭ ਅਗਯਾਨ ਕਲਿਪਤ ਔਰ ਮਿਥਿਆ ਹੈਨ (ਕੇਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਮਾਰਥਿਕ ਸਰੂਪ ਤਾਂ ਸਾਡਾ ਇੱਕ ਸ਼ੁਧ ਬੁਧ ਔਰ ਨਿਰਗੁਣ ਬ੍ਰਹਮ ਹੀ ਹੈ ਉਸ ਦੇ ਬਾਝ ਕੋਈ ਦੂਜਾ ਪਦਾਰਥ ਨਾ ਕਦੇ ਸੀ ਨਾ ਹੈ ਔਰ ਨਾ ਕਦੇ ਹੋਵੇਗਾ) ਤਾਂ ਫੇਰ ਇਹ ਸਾਡਾ ਵੇਦਾਂਤ ਮਤ ਉਪਦੇਸ਼ ਦਾ ਸਾਰਾ ਖਟ ਰਾਗ ਔਰ ਧੋਖੇ ਬਾਜ਼ੀ ਦਾ ਜਾਲ ਹਰ ਪ੍ਰਕਾਰ ਥੋਂ ਝੂਠਾ ਔਰ ਅਕਾਰਥ ਹੈ ਕਿਉਂਕਿ ਬ੍ਰਹਮ ਨੂੰ ਗਜ਼ਾਨ ਹੋਇਆ ਤਾਂ ਕੀ ਔਰ ਨਾ ਹੋਇਆ ਤਾਂ ਕਿਯਾ ਉਹ ਤਾਂ ਵੇਦਾਂਤ ਮਤ ਅਨੁਸਾਰ ਸਦਾ ਘਣ ਵਤ, ਇਕ ਰਸ, ਨਿਰ ਗੁਣ, ਗਜ਼ਾਨ ਬਿਹੀਨ, ਨਿਰਵਿਕਾਰ, ਅਦਵੈਤਬ੍ਰਹਮ ਦਾ ਬ੍ਰਹਮ ਹੀ ਹੈ ॥ ਆਦਿਕ

ਹੁਣ ਇਹ ਭੀ ਮਾਲੂਮ ਹੋ ਕਿ ਯਦਿਪ ਵੇਦਾਂਤ ਮਤ ਨੇ ਉੱਪਰੋਂ ਆਸਿਤਕਤਾ ਦਾ ਭੇਖ ਫੜਿਆ ਔਰ ਧਾਰਿਆ ਹੈ ਪਰੰਤੂ ਸਾਡੀ ਸਮਝ ਵਿੱਚ ਵੇਦਾਂਤ ਮਤ ਮੇਂ ਔਰ ਨਾਸਿਤਕ ਮਤ ਮੇਂ ਕੁਛ ਭੀ ਭੇਦ ਤੇ ਫ਼ਰਕ ਨਹੀਂ ਹੈ ਕਿਉਂਕਿ ਆਸਿਤਕ ਮਤ ਦੀ ਮੁਖ ਬਾਤ ਤਾਂ ਈਸ਼੍ਵਰ ਦਾ ਮੰਨਣਾ ਔਰ ਉਸ ਨੂੰ ਆਪਣਾ ਕਰਤਾ ਹਰਤਾ ਜਾਨਣਾ ਔਰ ਮਾਨਣਾ ਹੈ ਸੋ ਇਸ ਬਾਤ ਨੂੰ ਵੇਦਾਂਤ ਮਤ ਮੇਂ ਸ੍ਵਥਾ ਖੰਡਿਣ ਕੀਤਾ ਗਿਆ ਹੈ ਇੱਥੋਂ ਤੀਕ ਕਿ ਈਸ਼੍ਵਰ ਨੂੰ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਤ ਸਮਾਨ ਅਗਜ਼ਾਨ ਕਲਿਪਤ ਮਿਥਿਆ ਅਰ ਅਸ-ਤਜ ਠਹਿਰਾਇਆ ਗਿਆ ਹੈ ॥

ਪਰੰਤੂ ਬੁਧਿ ਕਹਿੰਦੀ ਹੈ ਕਿ ਸਤਜ ਮਤ ਉਹ ਹੈ ਜੋ ਮਨੁੱਖਾਂ ਦੇ ਬਿਗੜੇ ਹੋਏ ਤੇ ਖੋਟੇ ਸੁਭਾਉ ਨੂੰ ਸੁਧਾਰੇ ਤੇ ਖਰਾ ਬਨਾਵੇ ਕਿਉਂਕਿ ।ਇਸੇ ਪਰਯੋਜਨ ਦੀ ਅਸਾਂ ਸਭਨਾਂ ਨੂੰ ਵੱਡੀ ਲੋੜ ਤੇ ਜ਼ਰੂਰਤ ਹੈ ਔਰ ਇਸੇ ਖਾਤਰ ਮਤ ਨੂੰ ਮੰਨਦੇ ਹਾਂ ਪਰ ਉਤਲੇ ਬ੍ਰਿਤਾਂਤ ਥੋਂ ਇਹ ਸਿੱਧ ਹੁੰਦਾ ਹੈ ਕਿ ਵੇਦਾਂਤ ਮਤ ਦੇ ਉਪਦੇਸ਼ ਥੋਂ ਬੁਧਿ ਸੁਧਰਤੀ ਨਹੀਂ ਸਗੋਂ ਹੋਰ ਭੀ ਬਿਗੜਦੀ ਔਰ ਮਲੀਨ ਹੁੰਦੀ ਹੈ ਸੋ ਇਸ ਤੋਂ ਪ੍ਰਗਟ ਹੈ ਕਿ ਵੇਦਾਂਤ ਮਤ ਸਤਜ ਮਤ ਨਹੀਂ ਹੈ ਔਰ ਨਾ ਮੰਨਣ ਦੇ ਯੋਗਜ ਹੈ ॥

ਬਸ ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਆਦਿਕ ਗੁਰੂਆਂ ਨੇ ਵੇਦਾਂਤ ਮਤ ਨੂੰ ਮੰਨ ਕੇ ਵੱਡਾ ਧੋਖਾ ਖਾਦਾ ਔਰ ਗ੍ਰੰਥਾਂ ਵਿਖੇ ਵੇਦਾਂਤ ਉਪਦੇਸ਼ ਸੋਚ ਬਿਚਾਰ ਕੇ ਬਿੱਲਕੁਲ ਨਹੀਂ ਕੀਤਾ ॥

ਬਸ ਸਾਬਿਤ ਹੋਇਆ ਕਿ ਗ੍ਰੰਥਾਂ ਮੇਂ ਵੇਦਾਂਤ ਮਤ ਦਾ ਉਪਦੇਸ਼ ਅਸਤਜ ਹੈ। ਔਰ ਇਸ ਥੋਂ ਇਹ ਭੀ ਭਲੀ ਪ੍ਰਕਾਰ ਪ੍ਰਗਟ ਤੇ ਸਿਧ ਹੁੰਦਾ ਹੈ ਕਿ ਸਿੱਖ ਤੇ ਖਾਲਸਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਥ ਐਸਾ ਹੈ ਜੈਸੇ ਕਿਸੇ ਦਰਿਆਓ ਕੋਈ ਨਹਿਰ ਨਿ- ਕਾਲੀ ਜਾਵੇ ਔਰ ਫੇਰ ਉਸ ਨੂੰ ਥੋੜੀ ਦੂਰ ਤੀਕ ਬਹਾ ਕੇ ਉਸੇ ਦਰਿਆਓ ਵਿੱਚ ਪਾਇਆ ਜਾਵੇ ਵੈਸੇ ਹੀ ਸਿੱਖ ਤੇ ਖਾਲਸਾ ਪੰਥ ਹਿੰਦੂ ਵੇਦ ਸ਼ਾਸਤ੍ਰੋਂ ਨਿਕਾਲਾ ਗਿਆ ਹੈ ਔਰ ਵੇਦਾਂਤ ਮਤ ਨੂੰ ਗ੍ਰਹਿਨ ਕਰਕੇ ਫੇਰ ਉਸ ਨੂੰ ਵੇਦ ਸ਼ਾਸਤ੍ਰ ਮਤ ਵਿੱਚ ਪਾਇਆ ਤੇ ਮਿਲਾਇਆ ਗਿਆ ਹੈ ॥ ਆਦਿਕ

ਵੇਦਾਂਤ ਪ੍ਰਸੰਗ ਸਮਾਪਤਿ ਹੋਇਆ ॥

ਹੁਣ ਅੰਤਿ ਵਿਖੇ ਮਲੂਮ ਹੋ ਜਾਵੇ ਕਿ ਖਾਲਸਾ ਪਦ ਦਾ ਅਰਥ ਸੰਸਾਰੀ ਮਨੌਤ ਮੇਂ ਇਹ ਹੈ ਕਿ ਉਹ ਮੁਲਕ ਤੇ ਜ਼ਮੀਨ ਬਾਦਿਸ਼ਾਹੀ ਜਿਸ ਵਿਖੇ ਕਿਸੇ ਦੀ ਜਾਗੀਰ ਨਾ ਹੋ ਖਾਲਿਸ ਸ੍ਰਕਾਰੀ ਹੋ । ਔਰ ਆਤਮਿਕ ਮਨੌਤ ਵਿੱਚ ਉਸਦਾ ਇਹ ਅਰਥ ਹੈ ਕਿ ਉਹ ਮੁਖ ਈਸ੍ਵਰੀ ਸੰਗਤ ਜਿਸ ਦੇ ਮਨ ਵਿਖੇ ਕਿਸੇ ਦੂਜੇ ਦੇਵ ਆਦਿਕ ਇਸ਼ਟ ਆਦਿਕ ਦੀ ਮਨੌਤ ਰੂਪੀ ਜਾਗੀਰ ਨ ਹੋ ਕੇਵਲ ਉਹ ਈਸ੍ਵਰੀ ਸਰਕਾਰ ਦੀ ਖਾਲਿਸ ਪ੍ਰਜਾ ਹੋ ॥

ਹੁਣ ਇਸ ਲਈ ਕਿ ਗੁਰੂ ਗੋਬਿੰਦ ਸਿੰਘ ਦੇ ਮਨ ਵਿੱਚ ਦੇਵੀ ਆਦਿਕ ਦੀ ਮਨੌਤ ਰੂਪੀ ਜਾਗੀਰ ਭੀ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਇਸੀ ਲਈ ਗੁਰੂ ਜੀ ਨੇ ਇੱਕ ਲੱਖ ਦੇ ਕਰੀਬ ਰੁ- ਪਈਯੇ ਖਰਚ ਕਰਕੇ ਔਰ ਅਤਿ ਕਸ਼ਟ ਕਲੇਸ਼ ਉਠਾ ਕੇ ਦੇਵੀ ਦੇ ਅੱਗੇ ਹਮਨ ਕਰਵਾਇਆ ਔਰ ਫੇਰ ਵੇਦਾਂਤ ਮਤ ਦੀ ਪੂਜਾ ਹੋ ਕੇ ਉਸ ਦਾ ਉਪਦੇਸ਼ ਕੀਤਾ ॥

ਬਸ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਦਾ ਪੰਥ ਖਾਲਸਾ ਪੰਥ ਨਹੀਂ ਹੋ ਸੱਕਦਾ ਕਿਉਂਕਿ ਕਿਸੇ ਦਾ ਅਸਲ ਦੇ ਬਿਰੁੱਧ ਵੱਡਾ ਨਾਉਂ ਰੱਖਣੇ ਥੋਂ ਉਹ ਵੱਡਾ ਨਹੀਂ ਹੋ ਸੱਕਦਾ ਵੱਡਾ ਤਾਂ ਆਪਨੇ ਜਾਤਿ ਉੱਤਮ ਗੁਣਾਂ ਥੋਂ ਹੁੰਦਾ ਹੈ॥

ਬਸ ਗੁਰੂ ਗੋਬਿੰਦ ਸਿੰਘ ਦੇ ਪੰਥ ਦਾ ਨਾਮ ਖਾ- ਲਸਾ ਪੰਥ ਰੱਖਣਾ ਤੇ ਆਖਣਾ ਵੱਡਾ ਹੀ ਅਯੋਗਤ ਔਰ ਅਨਰਥ ਹੈ ॥

ਹੁਣ ਭਲੀ ਪ੍ਰਕਾਰ ਥੋਂ ਮਾਲੂਮ ਹੋ ਜਾਵੇ ਕਿ ਬਾਇਬਲ ਸਤਯ ਗ੍ਰੰਥ ਦਾ ਮੁਖ ਸਿਧਾਂਤ ਤੇ ਆਸਾ ਔਰ ਖੁਲਾਸਾ ਇਹ ਹੈ ਕਿ ਸ੍ਰੀ ਸਤਯ ਗੁਰ ਦੇਵ ਮਸੀਹ ਮਹਾਰਾਜ ਪਰਉਪਕਾਰੀ ਜਗਤ ਉਧਾਰਿਕ ਨੇ ਆਪਨੀ ਨਿਜ ਮਨੁੱਖ ਰੂਪੀ ਸ਼ਰੀਰ ਦਾ ਅਤਿ ਪਵਿੱਤ੍ਰ ਲਹੂ ਪ੍ਰਸ- ਵਾਰਥ ਦੇ ਕਾਰਣ ਦੇਕੇ ਆਪਨੀ ਕਲੀਸਿਯਾ ਅਰਥਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗਤ ਨੂੰ ਪਰਮੇਸ਼੍ਵਰ ਨਜਾਇਕਾਰ ਦੀ ਅਦਾਲਤੋਂ ਮੁੱਲ ਲਿਆ ਹੈ ਜੈਸਾ ਕਿ ਰਸੂਲਾਂ ਦੇ ਕੂਤੱਬਾਂ ਦੇ ੨੦ ਕਾਂਡ ਦੀ ੨੯ ਤੁਕ ਵਿੱਚ ਲਿਖਿਆ ਹੈ ਕਿ ਪਰਮੇਸ਼੍ਵਰ ਦੀ ਕਲੀਸਿਆ (ਅਰਥਾਤ ਸੰਗਤ) ਨੂੰ ਜਿਸ ਕੋ ਉਸ ਨੇ ਆਪਨਾ ਹੀ ਲਹੂ ਦੇਕੇ ਮੁੱਲ ਲਿਆ ਹੈ ਚਾਰੋ ਯਾ ਛਕਾਓ ॥

ਬਸ ਹੁਣ ਸਤਜ ਗੁਰ ਦੇਵ ਯਿਸੂ ਮਸੀਹ ਅਕਾਲ ਪੁਰਖ ਦੇ ਸਿੱਖਾਂ ਸੰਤਾਂ ਦੀ ਸੰਗਤ ਵਿਸ਼ੇਸ਼ ਪਰਮੇਸ਼੍ਵਰ ਦੀ ਮਿਲਕ ਹੋ ਗਈ ਹੈ ਜੈਸਾ ਕਿ ਪਤਰਸ ਰਸੂਲ ਦੀ ਪ-ਹਿਲੀ ਪੱਤ੍ਰੀ ੫ ਕਾਂਡ ੩ ਤੁਕ ਵਿਖੇ ਲਿਖਿਆ ਹੈ ॥

(ਔਰ ਪ੍ਰਭੁ ਦੀ ਮੀਰਾਸ ਪਰ ਪ੍ਰਭੁਤਾਈ ਨਾ ਕਰੋ)

ਹੁਣ ਸ੍ਰੀ ਗੁਰ ਦੇਵ ਯਿਸੂ ਮਸੀਹ ਦੇ ਸਿੱਖ ਸੰਤਾਂ ਦੀ ਸੰਗਤ ਆਪਨੇ ਸਤਜ ਨਿਸ਼ਚੇ ਮੇਂ ਆਪਨੇ ਸਾਰੇ ਮਨੋਂ ਤਨੋਂ ਧਨੋਂ ਅਦਵੈਤ ਪਰਮੇਸ਼੍ਵਰ ਔਰ ਸਤਜ ਗੁਰ ਦੇਵ ਮਸੀਹ ਦੇ ਬਾਝ ਹੋਰ ਕਿਸੇ ਦੂਜੇ ਦੇਵੀ ਦੇਵਤੇ ਪੀਰ ਪੈਗੰਬ੍ਰ ਆਦਿਕ ਕੋ ਨਹੀਂ ਜਾਣਦੀ ਔਰ ਨਾ ਕਿ ਦੂਜੇ ਨੂੰ ਮੰਨਦੀ ਹੈ ॥

ਬਸ ਇਸੀ ਵਾਸਤੇ ਇਹ ਗੁਰਦੇਵ ਯਿਸੂ ਮਸੀਹ ਦੀ ਸੰਗਤ ਅਸਲੀ ਖਾਲਸਾ ਪਦਵੀ ਰੱਖਦੀ ਹੈ ਬਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਨੂੰ ਖਾਲਸਾ ਜੀ ਆਖਣਾ ਬਹੁਤ ਹੀ ਯੋਗਯ ਔਰ ਯਥਾਰਥ ਹੈ ॥ ਆਦਿਕ

ਬਸ ਹੁਣ ਇਸ ਦਾਸ ਦੀ ਇਹੀ ਪ੍ਰਾਰਥਨਾ ਔਰ ਬੇਨਤੀ ਹੈ ਕਿ ਪਰਮੇਸ਼ੂਰ ਜਗਤ ਉਧਾਰਿਕ ਪਿਆਰੇ ਸਿੱਖਾਂ ਤੇ ਸਿੰਘਾਂ ਉੱਤੇ ਅਜੇਹੀ ਕ੍ਰਿਪਾ ਕਰੇ ਕਿ ਉਹ ਨਿ-ਰਪੱਖ ਔਰ ਸਰਲ ਮਨ ਹੋ ਕੇ ਇਸ ਬਿਚਾਰ ਪ੍ਰਕਾਸ਼ ਗੁਟਕੇ ਨੂੰ ਭਲੀ ਪ੍ਰਕਾਰ ਥੋਂ ਪੜ੍ਹਨ ਔਰ ਆਪਨੇ ਅੰਤ੍ਰ ਬਿਵੇਕ ਦੀ ਜੋਤਿ ਨਾਲ ਸਤਯ ਪੰਥ ਨੂੰ ਪਛਾਣ ਕੇ ਅੰਗੀ ਕਾਰ ਤੇ ਗ੍ਰਹਿਨ ਕਰਨ ਔਰ ਮੰਨਣ ॥

॥ ਆਮੀਨ ॥

ਲਿਖਾਰੀ ਇਕ ਸਿੱਖਾਂ ਤੇ ਸਿੰਘਾਂ ਦਾ ਹਿਤਕਾਰੀ ॥

ਮੁਫ਼ੀਦਆਮ ਪ੍ਰੇਸ ਲਾਹੌਰ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਚੀ ਪੱਤ੍ਰ ਪੁਸਤਕਾਂ

ਅੱਖਰ ਬੋਧਨੀ ਮੂਰਤਾਂ ਸਮੇਤ ।)।

ਪੈਹਲੀ ਪੋਥੀ ਪੰਜਾਬੀ ਵਿੱਦਿਆ ਸਿੱਖਨ ਲਈ -)

ਕਾਇਦਾ ਵਰਕੇ ਵਡੇ ੧੬ ਪਰ ।)

ਗਿਆਨ ਦੀਪਿਕਾ ਦੀ ਪੈਹਲੀ ਪੋਥੀ -)

ਗਿਆਨ ਦੀਪਿਕਾ ਦੀ ਦੂਜੀ ਪੋਥੀ =)

ਗਿਆਨ ਦੀਪਿਕਾ ਦੀ ਤੀਜੀ ਪੋਥੀ ≡)॥

ਗਿਆਨ ਦੀਪਿਕਾ ਦੀ ਚੌਥੀ ਪੋਥੀ ≡)॥

ਗਿਆਨ ਦੀਪਿਕਾ ਦੀ ਪੰਜਵੀਂ ਪੋਥੀ ।≡)

ਗਿਆਨਦੀਪਿਕਾ ਦੀ ਛੇਵੀਂ ਪੋਥੀ ≡।)

ਉੱਤੇ ਲਿਖੀਆਂ ਪੁਸਤਕਾਂ ਅਸਿਸਟੈਂਟ ਸੈਕਰਟਰੀ ਪੰਜਾਬ ਰੀਲੀਜੀਅਸ ਬੁਕ ਸੁਸਾਇਟੀ ਲਾਹੌਰ ਪਾਸੋਂ ਖਰੀਦੋ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇਠਾਂ ਲਿਖੀਆਂ ਪੁਸਤਕਾਂ ਅਸਿਸਟੈਂਟ ਸੈਕਰਟਰੀ ਪੰਜਾਬ ਰਿਲੀਜੀਅਸ ਬੁਕ ਸੁਸਾਇਟੀ ਲਾਹੌਰ ਪਾਸੋਂ ਖਰੀਦੋ॥

ਅੰਮ੍ਰਿਤ ਵੇਲੇ ਦਾ ਚਾਨਣ -)
ਏਸ਼ੀਯਾ ਦੀ ਸੈਲ ≡)
ਅਸੀਂ ਕੀਕਰ ਨਰੋਏ ਰਹੀਏ ੩ ਪਾਈ
ਬਹਾਦਰ ੧ ਪਾਈ
ਬਿਚਾਰ ਪ੍ਰਕਾਸ਼ -)
ਬਾਰਾ ਮਾਹ ੩ ਪਾਈ
ਛਿਮਾ ਪ੍ਰਕਾਸ਼ ਔਰ ਪੁਸ਼ਪਾਵਲੀ =)
ਦਾਊਦ ਦੀ ਵਿਥਿਆ =)
ਧਰਮ ਗਿਆਨ =)
ਸੁਫੈਦ ਕਾਗਜ਼ ≡)
ਧਰਮ ਪੁਸਤਕ ਦਾ ਸਾਰ ੩ ਪਾਈ
ਗੁਰੂ ਗਿਆਨ ੩ ਪਾਈ
ਗੁਰੂ ਪਰੀਖਿਆ ੬ ਪਾਈ
ਇਸਤ੍ਰੀ ਉਪਦੇਸ਼ ਮਾਲਾ -)
ਈਸਵੀ ਮੁਸਾਫਰ ਦੀ ਯਾਤ੍ਰਾ -) =) ≡) ।)
ਈਸਾਨਿਹਕਲੰਕਦੀਮੌਤ)॥

ਜੇਹੀ ਕਰਨੀ ਤੇਹੀ ਭਰਨੀ ੩ ਪਾਈ
ਜੋਤੀ ਉਦੇ -)
ਲਹੂ ਨਾਲ ਖਰੀਦਿਆ ਹੋਇਆ ੬ ਪਾਈ
ਮੰਗਲ ਮਾਰਗ ੬ ਪਾਈ
ਮੰਗਲ ਸਮਾਚਾਰ ਪੋਥੀ ਦੇ ਗੁਨ ੧ ਪਾਈ
ਮਸੀਹੀ ਸਪਾਹੀ ੩ ਪਾਈ
ਓਹ ਸੁੰਦਰ ਪੁਰਾਨੀ ਕਥਾ ੧ ਪਾਈ
ਪਾਦਰੀ ਲੋਕਾਂ ਦਾ ਬਰਨਨ ੧ ਪਾਈ
ਪਰਤੀਤ ੩ ਪਾਈ
ਪਿਛਲੇ ਸਮਿਆਂ ਦੀਆਂ ਤੀਮੀਆਂ ਦੀ ਕਥਾ ੬ ਪਾਈ
ਪ੍ਰਸ਼ਨ ਉੱਤਰ ੧ ਪਾਈ
ਪ੍ਰਿਥਮ ਪ੍ਰਕਾਸ਼ ≡)
ਯਿਸੂ ਮਸੀਹ ਦਾ ਜਸ ≡)
ਯੂਰਪ ਦੀ ਸੈਲ ≡)

CC-0. In Public Domain. Gurukul Kangri Collection, Haridwar
पुस्तकालय
गुरुकुल काँगड़ी.

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar